# ਮਨ ਦਾ ਮੌਸਮ

ਅਰਵਿੰਦਰ ਸੰਧੂ

**Munn Da Mosam**

***by***

**Artinder Sandhu©**
404, Tilak Nagar, Amritsar
Mob : 9815302081

2022
Published by
Unistar Books Pvt. Ltd.
Printed & bound at
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-5027427, 5027429

*© 2022*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਰਿਜੁਲ, ਮਾਹਿਨੂਰ,
ਅਰੀਨ, ਅਨੀਲ
ਤੇ ਅਰਸ਼
ਨੂੰ

# ਮਨ ਦੇ ਮੌਸਮ ਨਾਲ ਤੁਰਦਿਆਂ

ਮੌਸਮਾਂ ਦੀ ਮੋਟੀ ਜਿਹੀ ਵੰਡ ਦੇ ਅਨੁਸਾਰ ਪੂਰੇ ਸਾਲ ਦੇ ਮੌਸਮ ਨੂੰ ਸਰਦੀ ਤੇ ਗਰਮੀ ਦੇ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ। ਕੁਝ ਹੋਰ ਵਿਸਤਾਰ ਕੀਤਿਆਂ ਇਹਨਾ ਨਾਲ ਪਤਝੜ ਤੇ ਬਹਾਰ ਵੀ ਜੁੜ ਜਾਂਦੇ ਹਨ।ਪਰ ਮੌਸਮਾਂ ਦਾ ਪਸਾਰਾ ਤਾਂ ਇਸ ਤੋਂ ਕਿਤੇ ਅੱਗੇ ਹੈ। ਇੱਕ ਦਿਨ ਵਿਚ ਹੀ ਮੌਸਮ ਕਈ ਕਈ ਰੰਗ ਬਦਲ ਲੈਂਦਾ ਹੈ। ਜਿਵੇਂ ਸਵੇਰ ਵੇਲੇ ਜੋ ਧੋਤੇ ਚਿਹਰੇ ਵਾਲਾ ਸੀਤਲ ਤੇ ਸੇਜਲ ਜਿਹਾ ਮੌਸਮ ਹੁੰਦਾ ਹੈ, ਸੂਰਜ ਚੜ੍ਹਨ ਤੋਂ ਪਿੱਛੋਂ ਛਿਣ ਛਿਣ ਵਧਦੇ ਤਾਪ ਕਾਰਨ ਉਸ ਦਾ ਮਿਜਾਜ਼ ਤੇ ਰੰਗ ਰੂਪ ਵੀ ਪੂਰੀ ਤਰਾਂ ਬਦਲ ਜਾਂਦਾ ਹੈ। ਸੂਰਜ ਦੀ ਧੁੱਪ ਕਾਰਨ ਸਰਦੀਆਂ ਵਿਚ ਨਿੱਘ ਤੇ ਗਰਮੀਆਂ ਵਿਚ ਤਪਸ਼ ਬਣ ਜਾਂਦਾ ਹੈ ਓਹੋ ਮੌਸਮ। ਹਵਾ ਤੇ ਬੱਦਲ?ਆਦਿ ਦੇ ਇਸ ਵਿਚ ਰਚਣ ਨਾਲ ਹੋਰ ਰੂਪਾਂ ਤੇ ਨਾਵਾਂ ਨਾਲ ਧਰਤੀ ਤੇ ਉੱਤਰਦਾ ਮੌਸਮ ਕਈ ਨਵੇਂ ਨਵੇਲੇ ਰੰਗ ਸਿਰਜਦਾ ਜਾਂਦਾ ਹੈ ।

ਇਹ ਤਾਂ ਸਿਰਫ ਧਰਤੀ, ਜੋ ਕਿ ਸਾਡੇ ਵਿਸ਼ਾਲ ਬ੍ਰਹਿਮੰਡ ਦਾ ਇੱਕ ਨਿਗੂਣਾ ਜਿਹਾ ਹਿੱਸਾ ਹੈ, ਦੇ ਕੁਝ ਕੁ ਮੌਸਮਾਂ ਦੇ ਥੋੜ੍ਹੇ ਜਿਹੇ ਸ਼ੇਡ ਭਰ ਹਨ। ਬ੍ਰਹਿਮੰਡ ਦੇ ਮੌਸਮਾਂ ਦਾ ਕੋਈ ਪਾਰਾਵਾਰ ਤਾਂ ਸਾਨੂੰ ਪਤਾ ਹੀ ਨਹੀਂ। ਉਂਜ ਅਸੀਂ ਧਰਤੀ ਤੇ ਵੱਸਦੇ ਇਨਸਾਨ ਵੀ ਬ੍ਰਹਿਮੰਡ ਦਾ ਹਿੱਸਾ ਹੁੰਦਿਆਂ ਇਸ ਦੇ ਹੀ ਕਈ ਅੰਸ਼ਾਂ ਦੇ ਮਿਸ਼ਰਣ ਤੇ ਯੋਗਿਕ ਦੋਵੇਂ, ਹੁੰਦੇ ਹਾਂ।ਯਾਨੀ ਸਕੂਲ ਵਿਚ ਪੜ੍ਹੇ ਹੋਏ ਰੇਤ ਤੇ ਲੋਹ ਚੂਨ ਦੇ ਮਿਸ਼ਰਣ ਨੂੰ ਚੁੰਬਕ ਦੀ ਮਦਦ ਨਾਲ ਵੱਖ ਵੱਖ ਕੀਤੇ ਜਾ ਸਕਣ ਵਾਲੇ ਗੁਣਾਂ ਵਾਲੇ ਵੀ ਤੇ ਹਾਈਡਰੋਜਨ ਤੇ ਆਕਸੀਜਨ ਦੇ ਰਸਾਇਣਿਕ ਤੌਰ ਤੇ ਮਿਲ ਕੇ ਪੱਕੇ ਤੌਰ ਤੇ ਬਣੇ ਯੋਗਿਕ ਵਰਗੇ ਗੁਣਾਂ ਵਰਗੇ ਵੀ ਹੁੰਦੇ ਹਾਂ ਅਸੀਂ।ਇਸ ਕਰਕੇ ਆਪਣੇ ਅੰਦਰ ਨਵੀਂਆਂ ਰੁੱਤਾਂ, ਨਵੇਂ ਰੰਗ ਘੁਲਦੇ ਪੱਸਰਦੇ ਮਹਿਸੂਸ ਕਰਦਿਆਂ ਵੱਖਰੇ ਵੱਖਰੇ ਅਹਿਸਾਸ ਹੰਢਾਉਂਦੇ ਰਹਿੰਦੇ ਹਾਂ। ਕਦੇ ਕੋਈ ਖਿਆਲ, ਯਾਦ, ਸੁਨੇਹਾਂ ਜਾਂ ਸਾਥ ਅੰਬਰਾਂ ਤੋਂ ਵੀ ਉੱਪਰ ਲੈ ਜਾਂਦਾ ਹੈ ਤੇ ਕਦੇ ਕੋਈ ਉਦਾਸ ਪਲ ਕਿਸੇ ਗਹਿਰੀ ਹਨੇਰੀ ਕੰਦਹਰ ਵਿੱਚ ਵੀ ਜਾ ਸੁੱਟਦਾ ਹੈ।ਬਾਹਰੀ ਆਲੇ ਦੁਆਲੇ ਦੇ ਹਾਲਾਤ ਵੀ ਇਸ ਸਭ ਕੁਝ ਵਿਚ ਦਖ਼ਲ ਦੇ ਕੇ ਸਾਡੇ ਮਨ ਵਿਚ ਹੜ, ਹਨੇਰੀਆਂ ਤੇ ਤੂਫ਼ਾਨ ਵਰਗਾ ਕਈ ਕੁਝ ਪੈਦਾ ਕਰਦੇ ਰਹਿੰਦੇ ਹਨ, ਭਾਵੇਂ ਕਦੇ ਕਦਾਈਂ

ਖੁਸ਼ਨੁਮਾਂ ਪੌਣਾਂ ਵੀ ਰੁਮਕਾ ਦੇਂਦੇ ਹਨ । ਮੈਨੂੰ ਲਗਦਾ ਹੈ ਕਿ ਇਸ ਤਰਾਂ ਦੇ ਜਮਘਟ, ਗ਼ੁਬਾਰ ਜਾਂ ਕਿਸੇ ਆਨੰਦਮਈ ਫੁਹਾਰ ਵਰਗਾ ਕਈ ਕੁਝ ਹੀ ਸਾਡੇ ਮਨ ਦੇ ਉਹਨੀ ਪਲੀਂ?ਬਣੇ ਮੌਸਮ ਵਿੱਚੋਂ, ਵੱਖ ਰੂਪਾਂ ਤੇ ਸੁਭਾਵਾਂ ਵਾਲੀਆਂ ਰਚਨਾਵਾਂ ਬਣ ਕੇ ਕਾਗਜ਼ ਤੇ ਉੱਤਰਦਾ ਹੈ।

ਇਸ ਕਿਤਾਬ, "ਮਨ ਦਾ ਮੌਸਮ" ਵਿਚਲੀਆਂ ਕਵਿਤਾਵਾਂ, ਬੀਤੇ ਛੇ ਸੱਤ ਸਾਲਾਂ ਦੌਰਾਨ ਮਨ ਦੇ ਮੌਸਮਾਂ ਵਿਚੋਂ ਹੀ ਉੱਤਰਿਆ ਸ਼ਬਦ ਸੰਵਾਦ ਹੈ।ਕੁਝ ਸਾਲ ਮੈਨੂੰ ਲਗਦਾ ਰਿਹਾ ਕਿ ਇਹ ਕਵਿਤਾਵਾਂ ਤਾਂ ਸਿਰਫ ਮੇਰਾ ਹੀ ਨਿੱਜ ਨਾਲ ਸੰਵਾਦ ਹੈ, ਮੇਰੇ ਹੀ ਮਨ ਦੀਆਂ ਪਰਤਾਂ ਹਨ, ਤੇ ਮੈਂ ਇਹਨਾ ਨੂੰ ਆਪਣੇ ਤੱਕ ਹੀ ਸੀਮਤ ਰੱਖਿਆ। ਇਸੇ ਕਰਕੇ ਇਹਨਾ ਨੂੰ ਵਿਚਲੇ ਸਾਲਾਂ ਵਿਚ ਛਪੀਆਂ ਦੋ ਕਾਵਿ ਕਿਤਾਬਾਂ ਦਾ ਹਿੱਸਾ ਵੀ ਨਹੀਂ ਬਣਾਇਆ।ਪਰ ਆਖਰ ਇਹ ਸੋਚ ਕੇ ਸਾਂਝੀਆਂ ਕਰਨ ਦਾ ਫ਼ੈਸਲਾ ਕਰ ਹੀ ਲਿਆ ਕਿ ਧਰਤੀ ਤੇ ਕੋਈ ਵੀ ਮੌਸਮ ਸਾਡਾ ਇਕੱਲਿਆਂ ਦਾ ਨਹੀਂ ਹੁੰਦਾ, ਭਾਵੇਂ ਉਹ ਮਨ ਦਾ ਮੌਸਮ ਹੀ ਕਿਓਂ ਨਾ ਹੋਵੇ। ਹੋਰਨਾਂ ਦੇ ਇਸ ਤਰਾਂ ਦੇ ਅਹਿਸਾਸ ਵੀ ਮਿਲ ਕੇ ਨਾਲ ਨਾਲ ਤੁਰਨ ਲੱਗ ਪੈਂਦੇ ਹਨ।

ਕੁਝ ਕਵਿਤਾਵਾਂ ਪਿਛਲੇ ਸਾਲਾਂ ਵਿਚ ਪੰਜਾਬ ਤੇ ਸਾਰੇ ਦੇਸ਼ ਦੇ ਪਰੇਸ਼ਾਨ ਕਰਨ ਵਾਲੇ ਹਾਲਾਤ ਕਾਰਨ ਮਨਾਂ ਵਿਚ ਪੈਦਾ ਹੋਈ ਬੇਚੈਨੀ ਦੀ ਉਪਜ ਹਨ। ਕਿਤਾਬ ਦੇ ਪਿਛਲੇ ਹਿੱਸੇ ਦੀਆਂ ਕਵਿਤਾਵਾਂ ਖ਼ਾਸ ਕਰਕੇ ਇਸ ਤਰਾਂ ਦੀਆਂ ਹਨ।

ਖ਼ੈਰ, ਜੋ ਕੁਝ ਵੀ ਹੈ ਉਹ ਪਾਠਕਾਂ ਦੀਆਂ ਪ੍ਰਤੀਕਿਰਿਆਵਾਂ ਵਾਸਤੇ ਹਾਜ਼ਰ ਹੈ।

**ਅਰਤਿੰਦਰ ਸੰਧੂ**

# ਤਤਕਰਾ


| | |
|---|---|
| ਸੋਚ ਦੀ ਡਾਚੀ ਤੂੰ ਸੁਣ | 8 |
| ਮੇਰੇ ਖਿਆਲੋ ਸੁਰ ਚੁਣੋ | 10 |
| ਕਦੇ ਮਿਲ ਮਨਾ ਦਿਆ ਮੌਸਮਾਂ | 12 |
| ਮਨ ਦੀਏ ਭਰ ਭਰ ਵਗਦੀਏ ਨਦੀਏ | 14 |
| ਆ ਨਿਰਮੋਹੀਏ ਰੁੱਤੇ | 16 |
| ਅੰਬਰ ਤੂੰ ਇਸ ਤਰਾਂ | 18 |
| ਕੱਚ ਦੇ ਇਸ ਕੋਟ ਦੇ ਧੁਰ ਅੰਦਰ | 20 |
| ਆਈ ਹੀ ਸੈਂ ਜੇ ਜ਼ਿੰਦਗੀ | 22 |
| ਪਲ ਸੀ ਜਿਹੜੇ ਡਲ੍ਹਕਦੇ | 24 |
| ਖ਼ੁਦ ਤੋਂ ਬੇਦਖਲੀ ਦੇ ਪਲ ਵਿਚ | 26 |
| ਨਦੀਏ ਨੀ ਜਿੰਦ ਦੀਏ | 28 |
| ਆ ਵੀ ਜਾਹ ਐ ਜ਼ਿੰਦਗੀ | 30 |
| ਕੋਈ ਕੀ ਕਰੇ | 32 |
| ਸੁਣ ਬੱਦਲੀਏ ਸਾਂਵਲੀਏ ਨੀ | 34 |
| ਇਸ ਸਾਵਣ ਨਾ ਆਈਂ | 36 |
| ਐ ਹਵਾਏ | 38 |
| ਜਦੋਂ ਇਹ ਲੱਗ ਰਿਹਾ ਹੁੰਦਾ | 40 |
| ਸੁਪਨੇ ਪੁੱਛਿਆ | 42 |
| ਵੇਖੋ ਕੈਸੇ ਕੈਸੇ ਸਾਡੇ ਸਮਿਆਂ ਦੇ ਪਾਸਾਰ ਰਹੇ | 44 |
| ਹਰ ਸ਼ਹਿਰ ਵਿਕਾਊ ਹੈ ਸੱਜਣਾਂ | 45 |
| ਕਦੇ ਕਦਾਈਂ | 46 |

ਇੱਕ ਗੇੜਾ ਲਾਇਆ ਜਾਵੇ 48
ਮਾਂ ਬੋਲੀਏ ਨੀ 49
ਇਕ ਜ਼ਿੰਦੜੀ ਦੇ ਦੋ ਯਾਰ 50
ਜਿਸ ਸਾਵਣ ਨੂੰ ਤਾਂਘ ਰਹੇ ਹਾਂ 52
ਸੋਚ ਨਾ ਜਿੰਦ ਮੇਰੀਏ 54
ਲਾਈ ਜਾਹ ਜ਼ੋਰ ਜ਼ਿੰਦਗੀ 55
ਇੰਜ ਨਹੀਂ ਸਰਨਾ 56
ਹਰ ਇੱਕ ਰੁੱਤ 57
ਸੱਚ ਜਿਹੇ ਆਪੇ ਨੂੰ 58
ਦਿਨ ਸਾਰਾ ਤਾਂ ਚਾਨਣ 59
ਦੱਸ ਨੀ ਵਿਸਾਖੀਏ 60
ਜਾਗ ਪੰਜਾਬ ਦੇ ਫ਼ਿਕਰ ਜਾਗ 62
ਦਾਅ ਤੇ ਸੀ ਆਪਣਾ ਆਪ 64
ਜ਼ਿੰਦਗੀ ਤੂੰ ਆ 65
ਧਰਤੀ ਹੋਈ ਸੋਨਾ ਸੋਨਾ 66
ਚਾਨਣ ਨੂੰ ਹੁਣ ਆਕਾਰ ਦੇਹ 68
ਇਸ ਤਰਾਂ ਤੂਫ਼ਾਨ ਹੋਈ ਪੌਣ 70
ਰਾਮ ਕਹਾਣੀ ਲਿਖੀਏ 71
ਇਸ ਤਰਾਂ ਨਹੀਂ 72
ਸਰਘੀ ਰੰਗੀਏ ਕੁੜੀਏ 73
ਪਰਦੇਸੀ ਹੋਏ ਬੱਚਿਓ 74
ਜਾਪਦਾ ਤਾਂ ਸੀ 75
ਹੁਣ ਤਾਂ ਸਿੱਖ ਤੁਰਨਾ 76
ਅੱਜ-ਕੱਲ੍ਹ ਜ਼ਿੰਦਗੀ ਬੁਣਦੀ ਸਾਨੂੰ 78
ਜੀਣ ਲਈ ਸੌਖਾ ਜਿਹਾ ਨੁਸਖ਼ਾ ਬਣਾ ਲਿਆ 80

# ਸੋਚ ਦੀ ਡਾਚੀ ਤੂੰ ਸੁਣ

ਸੋਚ ਦੀ ਡਾਚੀ ਤੂੰ ਸੁਣ
ਮਨ ‘ਚ ਖਿੱਲਰੇ ਕੱਚ ਨੂੰ ਚੁਣ
ਉਹਨੂੰ ਚਿਣ ਕੇ ਸ਼ਮ੍ਹਾਦਾਨ ਘੜ
ਫਿਰ ਉਸ ਲਈ ਚਾਨਣ ਵੀ ਬੁਣ

ਨਜ਼ਰ ਦੇ ਚਾਨਣੇ ਚਿਰਾਗ਼
ਨਿਚੋੜ ਆਪਣਾ ਹੀ ਵੈਰਾਗ
ਨ੍ਹੇਰਿਆਂ ਸੰਗ ਖਹਿਣ ਦੇਹ
ਉਹਨੂੰ ਲਾ ਕੇ ਜੁਗਨੂੰਆਂ ਦੀ ਲਾਗ

ਮੇਰੇ ਉਦਾਸ ਗੀਤ ਉੱਠ
ਨਾ ਟੋਟੇ ਟੋਟੇ ਹੋ ਕੇ ਕੁੱਠ
ਸੋਮਨ ਕਰ ਆਪਣੇ ਨਾਦ ਨੂੰ
ਦੇ ਕੇ ਚੜ੍ਹੇ ਚੇਤਰ ਦੀ ਪੁੱਠ

ਮੇਰੇ ਸਾਹਾਂ ਅੰਦਰ ਵੱਸੀ ਸਿਲ੍ਹ
ਵਗਦੀ ਹਵਾ ਨੂੰ ਜਾ ਕੇ ਮਿਲ
ਜ਼ਿੰਦਗੀ ਦਾ ਰਾਗ ਛਿੜਨ ਦੇ
ਗੀਤਾਂ ਉੱਤੋਂ ਜੰਗਾਲ ਛਿੱਲ

ਮੇਰੇ ਆਪੇ, ਧੜਕਣਾਂ ਨੂੰ ਛਾਣ
ਆਪਣੇ ਰੰਗ ਦੀ ਦੇ ਕੇ ਪਾਣ
ਆਪਣੇ ਰੰਗ ਦੇ ਫੁੱਲ ਖਿੜਾ
ਆਪਣੀ ਹੋਂਦ ਦੇ ਹੀ ਤਾਣ

ਸਾਹਾਂ ਲਈ ਆਈ ਹਵਾ
ਧੂਣੀ ਕੋਈ ਨਵੀਂ ਧੁਖਾ
ਮਰਨ ਰੁੱਤ ਨੂੰ ਸਾੜ ਕੇ
ਬਣ ਜਾ ਜੀਣ ਦੀ ਦੁਆ

# ਮੇਰੇ ਖਿਆਲੋ ਸੁਰ ਚੁਣੋ

ਮੇਰੇ ਖਿਆਲੋ ਸੁਰ ਚੁਣੋ
ਇਕ ਗੀਤ ਦਾ ਮੁਖੜਾ ਬੁਣੋ
ਉਹਦੀ ਹਰ ਸਤਰ ਦੇ  ਵਾਸਤੇ
ਮਨਾਂ ਦੀ ਪੀੜ ਹੀ ਪੁਣੋ.... ਮੇਰੇ ਖਿਆਲੋ...

ਜਿੰਦਾਂ ਚੋਂ ਲੈ ਉਦਾਸੀਆਂ
ਪੌਣਾਂ ਫਿਰਨ ਹਿਰਾਸੀਆਂ
ਇਸ ਦੁਖਦੀ ਦੁਖਦੀ ਪੌਣ ਦੇ
ਸਾਹਾਂ ਦੀਆਂ ਹਾਵਾਂ ਪੁਣੋ... ਮੇਰੇ ਖਿਆਲੋ...

ਅਸਾਂ ਬੀਜ ਪਾਏ ਸਾਹਾਂ ਦੇ
ਉੱਗੇ ਬਿਰਖ ਗਲ-ਫਾਹਾਂ ਦੇ
ਐਸੇ ਅਜੀਬ ਦੌਰ ਵਿੱਚ
ਮਿੱਟੀ ਦਾ ਹੁਣ ਰੁਦਨ ਸੁਣੋ... ਮੇਰੇ ਖਿਆਲੋ.....

ਸਾਡੇ ਵੇਲਿਆਂ ਨੂੰ ਡੰਗਦੇ
ਪਰਛਾਵਿਆਂ ਦੇ ਰੰਗ ਦੇ
ਰੁੱਤਾਂ ਨੂੰ ਲੱਗੇ ਰੋਗ ਲਈ
ਕਿਸੇ ਟੂਣੇ ਦੇ ਅੱਖਰ ਖੁਣੋ... ਮੇਰੇ ਖਿਆਲੋ....

ਨਫ਼ਰਤਾਂ ਦੇ ਰਾਗ ਵਿੱਚ
ਪੀੜਾਂ ਦੇ ਸੰਘਣੇ ਬਾਗ਼ ਵਿੱਚ
ਖਿੱਲਰ ਕੇ ਗੁੰਮੀ ਜ਼ਿੰਦਗੀ ਦਾ
ਤਾਣਾ ਬਾਣਾ ਫਿਰ ਬੁਣੋ..

ਮੇਰੇ ਖਿਆਲੋ ਸੁਰ ਚੁਣੋ
ਇਕ ਗੀਤ ਦਾ ਮੁੱਖੜਾ ਚੁਣੋ
ਉਹਦੀ ਹਰ ਸਤਰ ਦੇ ਵਾਸਤੇ
ਮਨਾ ਦੀ ਪੀੜ ਹੀ ਪੁਣੋ

# ਕਦੇ ਮਿਲ ਮਨਾ ਦਿਆ ਮੌਸਮਾਂ

ਕਦੇ ਮਿਲ ਮਨਾ ਦਿਆ ਮੌਸਮਾਂ
ਫ਼ਗਣੀ ਜਿਹੇ ਲਿਬਾਸ ਵਿਚ
ਜ਼ਿੰਦਗੀ ਤੁਰੀ ਏ ਦੂਰ ਤੱਕ
ਤੇਰੀ ਇੱਕ ਝਲਕ ਦੀ ਆਸ ਵਿਚ

ਬੱਦਲ਼ ਰਹੇ ਬੱਸ ਗਰਜਦੇ
ਤੇਰੇ ਅੰਬਰੋਂ ਨਾ ਕਣੀ ਵਰ੍ਹੀ
ਚੁੱਪ ਬੀਜ ਤਿੜਕਦੇ ਰਹੇ
ਕੋਈ ਆਸ ਨਾ ਹੋਈ ਹਰੀ
ਹੁਣ ਉੱਗ ਰਹੀ ਏ ਖ਼ੁਦਕੁਸ਼ੀ
ਮਿੱਟੀ ਦੀ ਗਹਿਰੀ ਪਿਆਸ ਵਿਚ... ਕਦੇ ਮਿਲ

ਸਾਡਾ ਜੀਣ ਵੀ ਹੈ ਇੰਜ ਦਾ
ਸਾਨੂੰ ਮੌਤ ਰੋਜ਼ ਪੁਕਾਰਦੀ
ਲੈਂਦੇ ਹਾਂ ਸਾਹ ਵੀ ਇਸ ਤਰਾਂ
ਜਿਵੇਂ ਜ਼ੀਂਦਗੀ ਏ ਉਧਾਰ ਦੀ
ਪੈਰਾਂ ਦੀ ਮਿੱਟੀ ਖੁਰ ਰਹੀ
ਚੰਨ ਤਾਰਿਆਂ ਦੀ ਰਾਸ ਵਿਚ... ਕਦੇ ਮਿਲ..

ਫ਼ਗਣ ਨੂੰ ਨਿੱਤ ਉਲ਼ੰਘ ਕੇ
ਰੁੱਤ ਹਾੜ ਦੇ ਵਿਹੜੇ ਗਈ
ਅਸੀਂ ਚੇਤ ਚਿਤਵਦੇ ਰਹੇ
ਸੁੱਕੀ ਤਪਸ਼ ਸਾਡੀ ਝੋਲ ਪਈ
ਤੇ ਸਵਾਲ ਬਣ ਕੇ ਠਹਿਰ ਗਈ
ਸਾਡੇ ਥਿੜਕੇ ਹੋਏ ਸਵਾਸ ਵਿਚ... ਕਦੇ ਮਿਲ

ਸਮਿਆਂ ਦੇ ਹੇਰ ਫੇਰ ਵਿਚ
ਖ਼ੁਦ ਤੋਂ ਹੀ ਦਰ ਕਿਨਾਰ ਸਾਂ
ਹਰ ਪਲ ਹੀ ਮਿਲਿਆ ਇਸ ਤਰਾਂ
ਜਿਵੇਂ ਉਸ ਦੇ ਕਰਜ਼ਦਾਰ ਸਾਂ
ਖਾਨਾਬਦੋਸ਼ ਜਿੰਦ ਹੈ
ਪਲਾਂ ਦੇ ਕਾਰਾਵਾਸ ਵਿਚ

ਕਦੇ ਮਿਲ ਮਨਾ ਦਿਆ ਮੌਸਮਾਂ
ਫਗਣੀ ਜਿਹੇ ਲਿਬਾਸ ਵਿਚ
ਜ਼ਿੰਦਗੀ ਤੁਰੀ ਏ ਦੂਰ ਤੱਕ
ਤੇਰੀ ਇੱਕ ਝਲਕ ਦੀ ਆਸ ਵਿਚ

# ਮਨ ਦੀਏ ਭਰ ਭਰ ਵਗਦੀਏ ਨਦੀਏ

ਮਨ ਦੀਏ ਭਰ ਭਰ ਵਗਦੀਏ ਨਦੀਏ
ਆਪਣੀ ਵੀ ਲੈ ਕੁਝ ਸਾਰ ਨੀ
ਭੁਰ ਭੁਰ ਦੁਖਣ ਕਿਨਾਰੇ ਤੇਰੇ
ਸਾਂਭ ਛੱਲਾਂ ਦੇ ਵਾਰ ਨੀ

ਤੱਕ ਨੀ ਅੱਥਰੂਆਂ ਭਰੀਏ ਨਦੀਏ
ਅੰਦਰ ਆਪਣੇ ਆਪ
ਇਕ ਅਹਿਸਾਸ ਦੇ ਪਲ ਦੀ ਖ਼ਾਤਰ
ਉਮਰਾਂ ਦਾ ਵਿਰਲਾਪ
ਇਸ ਪਲ ਦੀ ਮਿੱਟੀ ਹੀ ਮੋਈ
ਆਪਣੇ ਘਰ ਵਿਚਕਾਰ ਨੀ...ਮਨ ਦੀਏ...

ਨਾ ਤਾਂ ਕਦੇ ਤੂੰ ਚੰਨ ਹੀ ਮੰਗਿਆ
ਨਾਂ ਮੰਗਿਆ ਅਸਮਾਨ ਨੀ
ਫਿਰ ਵੀ ਟੁੱਟ ਟੁੱਟ ਕਿਰਦੇ ਤਾਰੇ
ਕਿਸ ਤੇ ਹੋ ਕੁਰਬਾਨ ਨੀ
ਕਿਹੜੇ ਦੋਸ਼ਾਂ ਬਦਲੇ ਤੇਰਾ
ਵੇਲਿਆਂ ਸੰਗ ਤਕਰਾਰ ਨੀ...ਮਨ ਦੀਏ...

ਨਿੱਤ ਪੁੱਛਦੇ ਨੇ ਸਾਨੂੰ ਸਖੀਏ
ਸਾਡੇ ਆਪਣੇ ਸਾਏ
ਕਿਸ ਸਰਾਪ ਦੇ ਪਰਬਤ ਉੱਤੋਂ
ਲੇਖ ਲਿਖਾ ਤੁਰ ਆਏ
ਆਪਣੇ ਹੀ ਪਾਣੀ ਵਿੱਚ ਦੇਈਏ
ਗ਼ਮ ਦੀ ਕਿਸ਼ਤੀ ਤਾਰ ਨੀ...ਮਨ ਦੀਏ..

ਖ਼ਬਰੇ ਕਿਹੜੇ ਜੰਗਲ਼ ਪਰਬਤ
ਵਲ਼ੀਂ ਵਲੇਵੀਂ ਵਹਿੰਦੀ ਰਹਿੰਦੀ
ਕਦੇ ਥਲਾਂ ਦੀ ਰੇਤ ਵਿਚਾਲੇ
ਮੱਠੀ ਮੱਠੀ ਖਹਿੰਦੀ ਰਹਿੰਦੀ
ਲੈ ਕੇ ਪੱਥਰ ਗੀਟੇ ਸਾਰੇ
ਆਪਣੀ ਰੌਅ ਵਿਚਕਾਰ ਨੀ...ਮਨ ਦੀਏ...

ਸਦੀਆਂ ਪਲ ਤੇ ਪਲਾਂ ਤੋਂ ਸਦੀਆਂ
ਆਪਣੇ ਅੰਦਰ ਹੰਢਦੇ ਹੰਢਦੇ
ਰੰਗਾਂ ਦੇ ਸੰਸਾਰ ਉਲੀਕੇ
ਸਮਿਆਂ ਤਾਈਂ ਵੰਡਦੇ ਵੰਡਦੇ
ਆਖਰਕਾਰ ਰਿਹਾ ਸਮਿਆਂ ਨਾ
ਰੰਗਾਂ ਤੇ ਇਤਬਾਰ ਨੀ...ਮਨ ਦੀਏ...

ਨਿੱਕੇ ਨਿੱਕੇ ਅੱਥਰੇਪਨ ਪਿੱਛੋਂ
ਬਾਰ ਬਾਰ ਵੈਰਾਗੀ ਹੋਣਾ
ਕਦੇ ਬਚਾਉਣੇ ਕੰਢੇ ਆਪਣੇ
ਕਦੇ ਉਨ੍ਹਾਂ ਤੋਂ ਬਾਗ਼ੀ ਹੋਣਾ
ਦੱਸ ਆਖਰ ਸਾਗਰ ਵੀ ਕਿਹੜਾ
ਤੈਨੂੰ ਸਕੇ ਸਹਾਰ ਨੀ...ਮਨ ਦੀਏ...

ਮਨ ਦੀਏ ਭਰ ਭਰ ਵਗਦੀਏ ਨਦੀਏ
ਆਪਣੀ ਵੀ ਲੈ ਕੁਝ ਸਾਰ ਨੀ
ਭੁਰ ਭੁਰ ਦੁਖਣ ਕਿਨਾਰੇ ਤੇਰੇ
ਸਾਂਭ ਛੱਲਾਂ ਦੇ ਵਾਰ ਨੀ

## ਆ ਨਿਰਮੋਹੀਏ ਰੁੱਤੇ

ਆ ਨਿਰਮੋਹੀਏ ਰੁੱਤੇ ਤੇਰੇ
ਅੱਥਰੇਪਨ ਵਿੱਚ ਪਿਆਰ ਭਰਾਂ
ਸੁਹਣੇ ਸੁਹਣੇ ਸੁਪਨੇ ਜੜ ਕੇ
ਚੱਲ ਤੇਰਾ ਸ਼ਿੰਗਾਰ ਕਰਾਂ

ਕਿੰਨੇ ਕੰਡੇ ਨਿੱਤ ਘਲਾਂਵੇਂ
ਤੂੰ ਚਾਵਾਂ ਦੇ ਰਾਹਾਂ ਲਈ
ਭਰ ਕੇ ਕਿੰਨੀ ਪੀੜ, ਹਵਾਵਾਂ
ਤੋਰੇਂ ਸਾਡੇ ਸਾਹਾਂ ਲਈ
ਚਾਵਾਂ ਤੇ ਸਾਹਵਾਂ ਦੀ ਪੀੜਾ
ਹਰ ਪਲ ਖ਼ੁਦ ‘ਚੋਂ ਪਾਰ ਕਰਾਂ... ਆ ਨਿਰਮੋਹੀਏ

ਹਰ ਸੁਪਨੇ ਦੇ ਲੇਖ ‘ਚ ਹਰਦਮ
ਵਾਹੁੰਦੀ ਰਹੇਂ ਉਡੀਕਾਂ ਹੀ
ਮਨ ਦੀ ਕੂਲੀ ਮਖ਼ਮਲ ਤੇ
ਪਾਵੇਂ ਦਰਦਾਂ ਦੀਆਂ ਲੀਕਾਂ ਹੀ
ਆ ਦਰਦਾਂ ‘ਚੋਂ ਸਿੰਮੇ ਅੱਥਰੂ
ਤੇਰੇ ਤੋਂ ਹੀ ਵਾਰ ਧਰਾਂ... ਆ ਨਿਰਮੋਹੀਏ

ਨਜ਼ਰ ਅਸਾਡੀ ਵਿੱਚ ਭਰਦੀ ਏਂ
ਮੋਹ ਦੇ ਨਵੇਂ ਪੈਮਾਨੇ ਕਿਓਂ
ਖੜੇ ਖੜੋਤੇ ਪਲ ਵਿਚ ਉਹੀ
ਕਰ ਜਾਂਦੇ ਬੇਗਾਨੇ ਕਿਓਂ
ਇਹਨਾ ਪੈੜਾਂ ਦਾ ਭਰਿਆ ਮਨ
ਤੇਰੇ ਉੱਤੋਂ ਨਿਸਾਰ ਕਰਾਂ... ਆ ਨਿਰਮੋਹੀਏ

ਸਾਡੀ ਸੋਚ ਦੇ ਰਾਹੀਂ ਅੜੀਏ
ਟੇਢੇ ਮੇਢੇ ਮੋੜ ਭਰੇ
ਟੇਢੇ ਮੇਢੇ ਮੋੜਾਂ ਦੇ ਅੰਦਰ
ਫਿਰ ਤਿੱਖੇ ਰੋੜ ਭਰੇ
ਇਹ ਕੁਝ ਵਾਹੁੰਦੀ ਤੇਰੀ ਕਾਨੀ
ਦੇ ਅੰਦਰ ਮੈਂ ਪਿਆਰ ਭਰਾਂ... ਆ ਨਿਰਮੋਹੀਏ

ਪਤਝੜ ਦੇ ਜਾਏ ਹਾਂ ਸਖੀਏ
ਅੱਖੀਆਂ ਵਿਚ ਬਹਾਰਾਂ ਨੇ
ਧਰਤੀ ਦੇ ਮਾਲੀ ਬਣ ਜੰਮੇਂ
ਅੰਬਰ ਦੀਆਂ ਸਰਕਾਰਾਂ ਨੇ
ਧਰਤੀ ਦੀ ਪੀੜਾ ਦੀ ਤੇਰੇ
ਅੰਬਰ ਨੂੰ ਕੋਈ ਸਾਰ ਕਰਾਂ

ਆ ਨਿਰਮੋਹੀਏ ਰੁੱਤੇ, ਤੇਰੇ
ਅੱਥਰੇਪਨ ਵਿੱਚ ਪਿਆਰ ਭਰਾਂ
ਸੁਹਣੇ ਸੁਹਣੇ ਸੁਪਨੇ ਜੜ ਕੇ
ਚੱਲ ਤੇਰਾ ਸ਼ਿੰਗਾਰ ਕਰਾਂ

# ਅੰਬਰ ਤੂੰ ਇਸ ਤਰਾਂ

ਇੱਕ ਚੰਨ ਮਨ ਤੇ ਪਾਣੀਆਂ ਦੀ
ਨਜ਼ਰੀਂ ਤਾਰ ਦੇਹ
ਅੰਬਰ ਇਵੇਂ ਬੇਤਾਲ ਥਿਰਕਣ
ਨੂੰ ਨੁਹਾਰ ਦੇਹ

ਪਾਣੀਆਂ ਦੇ ਮੁੱਖ ਤੇ
ਚਾਨਣੀ ਇਵੇਂ ਉਤਾਰ
ਮਖਮਲੀ ਜਿਹੀ ਤੇਰੀ ਛੁਹ ਦੀ
ਹੈ ਜਿਵੇਂ ਨੁਹਾਰ
ਲਹਿਰਾਂ ਦੀਆਂ ਬੇਚੈਨੀਆਂ ਵਿੱਚ
ਰਚ ਕੇ ਠਾਰ ਦੇਹ... ਇੱਕ ਚੰਨ

ਸੰਵਾਦ ਕਰ ਤੂੰ ਮਨ ‘ਚ ਰਚ ਗਏ
ਨ੍ਹੇਰਿਆਂ ਦੇ ਨਾਲ
ਸੰਵਾਦ ਕਰ ਇਹਨਾ ਦੇ ਮਨ ‘ਚ
ਫੇਰਿਆਂ ਦੇ ਨਾਲ
ਇਹਨਾ ਦੇ ਭਟਕੇ ਸੁਪਨਿਆਂ ਨੂੰ
ਰਾਹ ਦੀ ਸਾਰ ਦੇਹ... ਇੱਕ ਚੰਨ

ਚਾਨਣੀ ਰੰਗ ਰੱਤੀਆਂ ਲਹਿਰਾਂ
ਰਾਣੀਆਂ ਨੂੰ ਛੂਹ
ਇਹਨਾ ਮੁਸਾਫ਼ਰਾਂ ਦੀਆਂ
ਕਹਾਣੀਆਂ ਨੂੰ ਛੂਹ
ਕਿਤੇ ਨਾ ਪਹੁੰਚੇ ਇਹਨਾ ਦੇ
ਸਫ਼ਰਾਂ ਨੂੰ ਠਾਹਰ ਦੇਹ... ਇੱਕ ਚੰਨ

ਚਾਨਣੀ ਵਿੱਚ ਚੁੱਪ ਸੁੱਤੇ
ਤਾਰਿਆਂ ਨੂੰ ਛੂਹ
ਸਹਿਮੀ ਟਿਮਕ ਦੇ ਅਣਕਹੇ
ਇਸ਼ਾਰਿਆਂ ਨੂੰ ਛੂਹ
ਇਹਨਾ ਦੇ ਮੂਕ ਦਰਦ ਨੂੰ
ਤਿੱਖੀ ਜਿਹੀ ਧਾਰ ਦੇਹ... ਇੱਕ ਚੰਨ

ਦਰਦ ਦੀ ਦਵਾ ਤਾਂ ਹੋਣਾ
ਦਰਦ ਹੀ ਸਦਾ
ਪੀਣਾ ਵੀ ਜਿੰਦ ਦੇ ਹੀ ਹੌਕੇ
ਸਰਦ ਨੇ ਸਦਾ
ਹੁਣ ਏਸ ਜਿੰਦ ਤੇ ਦਰਦ ਦਾ
ਇੱਕ ਹੋਰ ਵਾਰ ਦੇਹ

ਇੱਕ ਚੰਨ ਮਨ ਦੇ ਪਾਣੀਆਂ ਦੀ
ਨਜ਼ਰੀਂ ਤਾਰ ਦੇਹ
ਅੰਬਰ ਇਵੇਂ ਬੇਤਾਲ ਥਿਰਕਣ
ਨੂੰ ਨੁਹਾਰ ਦੇਹ

# ਕੱਚ ਦੇ ਇਸ ਕੋਟ ਦੇ ਧੁਰ ਅੰਦਰ

ਕੱਚ ਦੇ ਇਸ ਕੋਟ ਦੇ ਧੁਰ ਅੰਦਰ
ਇੱਕ ਚੁੱਪ ਦਾ ਸ਼ਹਿਰ ਵਸਾਇਆ ਹੈ
ਜ਼ਿੰਦਗੀ, ਤੇਰੇ ਡਾਢੇ ਗਹਿਰੇ
ਹੁੰਮਸ ਨੂੰ ਅਸਾਂ ਪਤਿਆਇਆ ਹੈ

ਇਸ ਚੁੱਪ ਵਿੱਚ ਪਰਬਤ ਪੀੜਾਂ ਦੇ
ਅੱਥਰੂਆਂ ਦੇ ਝਰਨੇ ਵਹਿੰਦੇ
ਕੁਝ ਗੀਤ ਦਫ਼ਨ ਮਨ ਦੇ ਵਿਹੜੇ
ਸ਼ਬਦਾਂ ਅੰਦਰ ਲਿਪਟੇ ਰਹਿੰਦੇ
ਆਵਾਜ਼ ਨੂੰ ਲੱਭਦਿਆਂ ਹੀ ਅੰਦਰ
ਆਪੇ ਨੂੰ ਅਸਾਂ ਗਵਾਇਆ ਹੈ... ਕੱਚ ਦੇ

ਇਸ ਸ਼ਹਿਰ 'ਚ ਬਸਤੀ ਸੋਚਾਂ ਦੀ
ਵਿਚਕਾਰ ਉਦਾਸ ਹਵਾਵਾਂ ਦੇ
ਹਰ ਰਾਹ ਰਸਤੇ ਵਿੱਚ ਖਿੱਲਰੇ ਪਏ
ਝਗੜੇ ਕਈ ਧੁੱਪਾਂ ਛਾਵਾਂ ਦੇ
ਧੁੱਪ ਡਾਢੀ ਨੇ ਬਿਰਖਾਂ ਹੇਠੋਂ
ਛਾਵਾਂ ਨੂੰ ਆਪ ਉਠਾਇਆ ਹੈ... ਕੱਚ ਦੇ

ਇੱਥੇ ਗਹਿਰੀਆਂ ਕੰਦਰਾਂ ਦੇ ਅੰਦਰ
ਆਪਣੀਆਂ ਭੁੱਲ ਭੁਲਈਆਂ ਨੇ
ਗੀਤਾਂ ਤੋਂ ਨਿੱਖੜੀਆਂ ਕੁਝ ਤਰਜ਼ਾਂ
ਮੌਸਮ ਵਿੱਚ ਸੁੱਤੀਆਂ ਪਈਆਂ ਨੇ
ਐਵੇਂ ਕਿਸੇ ਗੀਤ ਅਧੂਰੇ ਦਾ
ਬੱਸ ਚੇਤਾ ਗੁਣਗੁਣਾਇਆ ਹੈ... ਕੱਚ ਦੇ

ਮਨ ਦੇ ਅੰਬਰੋਂ ਅੱਖ ਦੇ ਵਿਹੜੇ
ਅੱਥਰੂਆਂ ਦਾ ਮੀਂਹ ਨਿੱਤ ਵਰ੍ਹੇ
ਗਮ ਉੱਗਦੇ ਜਿੱਥੇ ਘਾਹ ਵਾਂਗਰ
ਰਹਿੰਦੀ ਏ ਜਿੰਦੜੀ ਓਸ ਘਰੇ
ਲੰਘ ਬਸਤੀ ਹੌਕੇ ਹਾਵਾਂ ਦੀ
ਇਸ ਸ਼ਹਿਰ 'ਚ ਹਰ ਸਾਹ ਆਇਆ ਹੈ... ਕੱਚ ਦੇ

ਇਸ ਸ਼ਹਿਰ 'ਚ ਸ਼ੋਰ ਦੇ ਜੰਗਲ ਨੇ
ਵਿੱਚੇ ਚੁੱਪ ਫਿਰਦੀ ਰਿਹਾ ਕਰੇ
ਜ਼ਿੰਦਗੀ ਜੋ ਬੀਤੀ ਬਿਨ ਜੀਵੇ
ਓਸੇ ਨੂੰ ਜੀਣਾ ਕਿਹਾ ਕਰੇ
ਹੁੰਮਸ ਦੇ ਸ਼ਾਲ 'ਚ ਲਿਪਟੀ ਚੁੱਪ
ਉਹਲੇ ਜ਼ਿੰਦਗੀ ਦਾ ਸਾਇਆ ਹੈ

ਕੱਚ ਦੇ ਇਸ ਕੋਟ ਦੇ ਧੁਰ ਅੰਦਰ
ਇੱਕ ਚੁੱਪ ਦਾ ਸ਼ਹਿਰ ਵਸਾਇਆ ਹੈ
ਜ਼ਿੰਦਗੀ ਤੇਰੇ ਡਾਢੇ ਗਹਿਰੇ
ਹੁੰਮਸ ਨੂੰ ਅਸਾਂ ਪਤਿਆਇਆ ਹੈ

# ਆਈ ਹੀ ਸੈਂ ਜੇ ਜ਼ਿੰਦਗੀ

ਆਈ ਹੀ ਸੈਂ ਜੇ ਜ਼ਿੰਦਗੀ
ਲੈ ਆਉਂਦੀ ਕੁਝ ਸਮਾਨ ਵੀ
ਪੈਰਾਂ ਲਈ ਜ਼ਮੀਨ ਤੇ
ਸਿਰ ਵਾਸਤੇ ਅਸਮਾਨ ਵੀ

ਪੈਰ ਤਾਂ ਕਰਦੇ ਰਹੇ
ਬੇਚੈਨ ਪੌਣਾਂ ਦਾ ਸਫਰ
ਖ਼ਬਰੇ ਕਿਹੜੇ ਅੰਬਰੋਂ
ਆਉਂਦੇ ਰਹੇ ਤੂਫ਼ਾਨ ਵੀ

ਕੁਝ ਸ਼ਬਦ ਤਾਂ ਰੱਖਦੀ ਤੂੰ
ਜੀਣ ਵਿਚਲੀ ਪੀੜ ਲਈ
ਹੁੰਦਾ ਜਿਨ੍ਹਾਂ ਕੋਲ ਆਪਣੇ
ਅਰਥਾਂ ਦਾ ਸਾਮਾਨ ਵੀ

ਬੇਮੇਚ ਚਲਦੇ  ਵੇਲਿਆਂ ਦਾ
ਕੁਝ ਤਾਂ ਹੁੰਦਾ ਨਾਪ– ਤੋਲ
ਦਿਸਦਾ ਰਹਿੰਦਾ ਮੁੱਕਣੀ ਕਦ
ਵਾਟ ਇਹ ਬੇਜਾਨ ਵੀ

ਕੁਝ ਤਾਂ ਸਮਰੱਥਾ ਵੀ ਹੁੰਦੀ
ਖ਼ੁਦ ਲਈ ਜੀਣ ਥੀਣ ਦੀ
ਰਾਹੇ ਤਾਂ ਪੈਂਦੇ ਕਿਸੇ
ਅਹਿਸਾਸਾਂ ਦੇ ਅਰਮਾਨ ਵੀ

ਲਿੱਪੀ ਦੇ ਕੇ ਸੂਝ ਦੇਂਦੀ
ਜਾਚ ਫਿਰ ਹੱਥਾਂ ਨੂੰ ਵੀ
ਲਿਖਣ ਦੀ ਇਸ ਸ਼ਹਿਰ ਵੱਸੀ
ਪੀੜ ਦਾ ਅਨੁਮਾਨ ਵੀ

ਰਿਸ਼ਤਿਆਂ ਦੀਆਂ ਗੁੰਝਲ਼ਾਂ ਨੂੰ
ਦੱਸਦੀ ਕੇਵੇਂ ਖੋਲ੍ਹਣਾ
ਕਿਸ ਤਰਾਂ ਫਿਰ ਪਾਸ ਕਰਨੇ
ਆਏ ਇਮਤਿਹਾਨ ਵੀ

ਸਾਹਾਂ 'ਚੋਂ ਰਿਸਦੀ ਪੀੜ ਦੀ
ਬਾਰਿਸ਼ ਦੇ ਕਤਰੇ ਜੋੜ ਕੇ
ਚਿਤਵਣਾ ਕਿੰਜ ਆਪਣੇ
ਹਿੱਸੇ ਦਾ ਆਸਮਾਨ ਵੀ

ਚੀਸਾਂ ਦੀ ਵਹਿੰਦੀ ਭੀੜ ਨੂੰ
ਹੈ ਮੰਨਣਾ ਮੇਲਾ ਕਿਵੇਂ
ਆਪਣੇ ਟੋਟੇ ਵੇਚ ਕੇਵੇਂ
ਮਣਸਣੇ ਅਰਮਾਨ ਵੀ

ਆਪਣੇ ਹੀ ਨਾਲ ਕਰ
ਸਮਝੌਤੇ ਆਪੇ ਤੋੜਨੇ
ਪੂਰਦੇ ਰਹਿਣਾਂ ਫਿਰ ਆਪੇ
ਕਰ ਲਏ ਨੁਕਸਾਨ ਵੀ

ਆਈ ਹੀ ਸੈਂ ਜੇ ਜ਼ਿੰਦਗੀ
ਲੈ ਆਉਂਦੀ ਕੁਝ ਸਾਮਾਨ ਵੀ
ਪੈਰਾਂ ਲਈ ਜ਼ਮੀਨ ਤੇ
ਸਿਰ ਵਾਸਤੇ ਆਸਮਾਨ ਵੀ

# ਪਲ ਸੀ ਜਿਹੜੇ ਡਲ੍ਹਕਦੇ

ਪਲ ਸੀ ਜਿਹੜੇ ਡਲ੍ਹਕਦੇ
ਜੀਣ ਦੀ ਹਰ ਆਸ ਲਈ
ਤ੍ਰੇਲ ਦੇ ਕਤਰੇ ਹੀ ਨਿਕਲੇ
ਜ਼ਿੰਦਗੀ ਦੀ ਪਿਆਸ ਲਈ

ਜੀਣ ਹੋਇਆ ਖ਼ੁਦ ਨੂੰ ਖਾਣਾ
ਥੋੜ੍ਹਾ ਥੋੜ੍ਹਾ ਖੁਰਚ ਕੇ
ਤੁਰਦੇ ਰਹਿਣਾ ਨ੍ਹੇਰ ਸੰਗ
ਅੱਛੇ ਦਿਨਾ ਦੀ ਆਸ ਲਈ

ਪੁੱਛ ਵੇਖੋ ਚੁੱਪ ਵਹਿੰਦੇ
ਪਾਣੀਆਂ ਦਾ ਹਾਲ ਵੀ
ਜ਼ਹਿਰ ਭਰੀਆਂ ਵਹਿਣ ਲਹਿਰਾਂ
ਗੁੰਮ ਸੁੰਮ ਅਹਿਸਾਸ ਲਈ

ਮਨ ਦਾ ਸਾਫ਼ ਹੋਣਾ ਹੁਣ ਤਾਂ
ਨਿਭ ਰਿਹਾ ਆਪਣੇ ਖ਼ਿਲਾਫ਼
ਚੁੱਪ ਖੜੇ ਹਾਂ ਭੀੜਾਂ ਅੰਦਰ
ਸੁੰਨ ਦਾ ਆਵਾਸ ਲਈ

ਧਰਤ ਦੀ ਪੀੜਾ ਦੇ ਹਾਮੀ
ਖ਼ੁਦਕੁਸ਼ੀ ਦੇ ਰਾਹ ਪਏ
ਕਿਹੜੇ ਅੱਖਰ, ਕੌਣ ਬੋਲੇ
ਕਿਸ ਨੂੰ ਹੁਣ ਧਰਵਾਸ ਲਈ

ਪੌਣਾਂ ਖੰਭੀਂ ਨਕਸ਼ਿਆਂ ਦੇ
ਸਾਰੇ ਮੰਡਲ ਗਾਹ ਲਏ
ਜ਼ਿੰਦਗੀ ਇੱਕ ਗੇਂਦ ਹੋਈ
ਵੇਲਿਆਂ ਦੀ ਰਾਸ ਲਈ

ਲਿਖ ਰਹੇ ਨੇ ਅਕਲਦਾਨ
ਸੂਤਰ ਸਾਡੇ ਜੀਣ ਦੇ
ਸਰਘੀਆਂ ਦੇ ਲਾਰਿਆਂ ਦੇ
ਹੱਥ ਵਿੱਚ ਸਲਫਾਸ ਲਈ

ਪਲ ਸੀ ਜਿਹੜੇ ਡਲ੍ਹਕਦੇ
ਜੀਣ ਦੀ ਹਰ ਆਸ ਲਈ
ਤ੍ਰੇਲ ਦੇ ਕਤਰੇ ਹੀ ਨਿਕਲੇ
ਜ਼ਿੰਦਗੀ ਦੀ ਪਿਆਸ ਲਈ

## ਖ਼ੁਦ ਤੋਂ ਬੇਦਖਲੀ ਦੇ ਪਲ ਵਿਚ

ਖ਼ੁਦ ਤੋਂ ਬੇਦਖਲੀ ਦੇ ਪਲ ਵਿਚ
ਜ਼ਿੰਦਗੀ ਤੈਨੂੰ ਕੀ ਵਰਚਾਵਾਂ
ਸਾਡੇ ਨਾਲ ਨਾ ਤੁਰਿਆ ਸਖੀਏ
ਸਾਡਾ ਆਪਣਾ ਹੀ ਪਰਛਾਵਾਂ

ਪੈਰ ਰਹੇ ਸਿੱਖਦੇ ਤੁਰਨਾ ਬੱਸ
ਉੱਧੜੇ ਦੁੱਘੜੇ ਰਾਹਾਂ ਤੇ ਹੀ
ਹੱਥ ਲਿਖਦੇ ਰਹੇ ਨਾਮ ਤੇਰਾ ਬੱਸ
ਖਿੱਲਰੇ ਪੁੱਲਰੇ ਸਾਹਾਂ ਤੇ ਹੀ
ਏਸੇ ਨੂੰ ਕੋਈ ਕਹਿ ਲਏ ਜੀਣਾ
ਜਾਂ ਫਿਰ ਜਾਣਾ ਬੀਤ ਨਿਥਾਵਾਂ... ਖ਼ੁਦ ਤੋਂ

ਨਾ ਤਾਂ ਕਿਤੇ ਪਗਡੰਡੀ ਕੋਈ
ਨਾ ਚਾਨਣ ਦੀ ਦਿਸ਼ਾ ਹੀ ਕੋਈ
ਨਾ ਰਾਹੀ ਨਾ ਰਾਹ ਦਸੇਰਾ
ਨਾ ਪੁੱਛਣ ਲਈ ਵਿਸ਼ਾ ਹੀ ਕੋਈ
ਐਸੇ ਰੋਲ ਘਚੋਲ਼ੇ ਅੰਦਰ
ਸਮਝ ਨਾ ਆਈ ਕਿੱਧਰ ਜਾਵਾਂ... ਖ਼ੁਦ ਤੋਂ

ਬਹੁਤ ਉਦਾਸ ਹਵਾਵਾਂ ਮਿਲੀਆਂ
ਚੁੱਪ ਚਾਪ ਜਿਹੇ ਵਹਿੰਦੇ ਪਾਣੀ
ਆਪਣੀ ਚੁੱਪ ਵਿਚ ਤੁਰਦੀ ਤੁਰਦੀ
ਮੂਕ ਸੁਬਕਦੀ ਰਹੀ ਕਹਾਣੀ
ਇਹ ਸਭ ਕੁਝ ਮੈਂ ਕਿਸ ਬੋਲੀ ਵਿਚ
ਸਮਝ ਨਾ ਆਵੇ ਕਿੰਜ ਸੁਣਾਵਾਂ... ਖ਼ੁਦ ਤੋਂ

ਖ਼ੁਦ ਵਿਚ ਉਲਝੀਆਂ ਪੌਣਾਂ ਵਿੱਚੋਂ
ਮਰਨੋ ਬਚੇ ਸਾਹਾਂ ਨੂੰ ਚੁਣਿਆਂ
ਉਹਨਾ ਉੱਤੇ ਲਿਖਿਆ ਜ਼ਿੰਦਗੀ
ਫਿਰ ਆਪਣੇ ਹੀ ਵਿੱਚੋਂ ਪੁਣਿਆਂ
ਉਸ ਨੂੰ ਘੁੱਟ ਘੁੱਟ ਪੀਂਦੇ ਹੋਏ
ਢਲ ਚੱਲਿਆ ਦਿਨ ਦਾ ਪਰਛਾਵਾਂ... ਖ਼ੁਦ ਤੋਂ

ਆਪਣੇ ਲਈ ਮੁਖੌਟੇ ਸਿਰਜੇ
ਕਦੇ ਸਾਂ ਆਪ ਮੁਖੌਟਿਆਂ ਖ਼ਾਤਰ
ਖ਼ੁਦ ਦੇ ਤੰਬੂ ਅੰਦਰ ਹੋਏ
ਆਪਣੀ ਹਮਦਰਦੀ ਦੇ ਪਾਤਰ
ਇਸ ਬੇਬਾਕ ਇਕੱਲੇਪਨ ਦੇ
ਰਿਸ਼ਤੇ ਦਾ ਹੈ ਕੀ ਸਿਰਨਾਵਾਂ

ਖ਼ੁਦ ਤੋਂ ਬੇਦਖ਼ਲੀ ਦੇ ਪਲ ਵਿਚ
ਜ਼ਿੰਦਗੀ ਤੈਨੂੰ ਕੀ ਵਰਚਾਵਾਂ
ਸਾਡੇ ਨਾਲ ਨਾ ਤੁਰਿਆ ਸਖੀਏ
ਸਾਡਾ ਆਪਣਾ ਹੀ ਪਰਛਾਵਾਂ

# ਨਦੀਏ ਨੀ ਜਿੰਦ ਦੀਏ

ਕਿੱਥੋਂ ਤੇ ਫੁੱਟਦੀ ਏਂ
ਨਦੀਏ ਨੀ ਜਿੰਦ ਦੀਏ
ਸੋਚਾਂ ਦਾ ਡਾਢਾ ਲੈ ਵਹਾਅ
ਘੁਲਦਿਆਂ ਮਿੱਟੀ ਵਿਚ
ਖ਼ੁਦ ਵਿੱਚ ਘੋਲ ਮਿੱਟੀ
ਅੰਬਰ ਦਾ ਰੰਗ ਵੀ ਰਲਾਅ

ਉੱਚੇ ਜਿਹੇ ਪਰਬਤਾਂ ਤੇ
ਉੱਗਦੇ ਫੁੱਲ ਸੋਹਣੇ
ਲੈਂਦੀ ਸਾਰੇ ਆਪਣੇ ਬਣਾਅ
ਉੱਤਰੀ ਤੇ ਆਵੇਂ ਜਦੋਂ
ਮਨ ਦੀ ਜ਼ਮੀਨ ਵੱਲ
ਕੋਈ ਨਾ ਨਾਲ ਤੁਰੇ ਆ

ਆਪਣੀ ਉਦਾਸੀ ਸਾਰੀ
ਲਹਿਰਾਂ ‘ਚ ਘੋਲ ਕੇ ਤੂੰ
ਖ਼ੁਦ ਨੂੰ ਹੀ ਲੈਨੀ ਏਂ ਪਿਆ
ਸਾਰੇ ਗਮਾਂ ਦੀ ਵਿੱਸ
ਚੇਤਿਆਂ ‘ਚ ਗੁੰਦ ਫਿਰ
ਗੀਤ ਲਵੇਂ ਆਪਣੇ ਬਣਾਅ

ਆਉਂਦੀ ਤੇ ਸਖੀਏ ਤੂੰ
ਓਹੋ ਗੀਤ ਗਾਉਂਦੀ ਆਵੇਂ
ਆਪਣੇ ਹੀ ਲੋਰ ਦੇ ਵਹਾਅ
ਜੱਗ ਤੇ ਆਖੇ ਨਦੀ
ਨੱਚਦੀ ਗਾਉਂਦੀ ਆਵੇ
ਪੀੜ ਤੇਰੀ ਸਮਝੀ ਨਾ ਜਾਅ

ਰੋੜ ਤੇ ਗੀਟੇ ਸਾਰੇ
ਚੁਭਦੇ ਨੇ ਅੰਦਰੋਂ
ਬਾਹਰੋਂ ਤੇ ਰੂਪ ਚੜ੍ਹਿਆ
ਮਿਲਣ ਤੇ ਤੁਰਦੀ
ਸਮੁੰਦਰਾਂ ਨੰ ,ਸੋਚ ਕੇ
ਪਾਊਗਾ ਕੋਈ ਤੇਰੀ ਥਾਹ

ਸਾਗਰ ਤੇ ਲੈ ਲਏ ਤੈਨੂੰ
ਆਪਣੀ ਲਪੇਟ ਵਿਚ
ਨਦੀਏ ਤੂੰ ਜਾਂਦੀ ਏਂ ਵਿਹਾਅ
ਕਿੱਥੋਂ ਤੇ ਫੁੱਟੀ ਸੈਂ ਤੂੰ
ਨਦੀਏ ਨੀ ਜਿੰਦ ਦੀਏ
ਕਿੱਥੇ ਤੇ ਗਈ ਜਾ ਵਿਹਾਅ

# ਆ ਵੀ ਜਾਹ ਐ ਜ਼ਿੰਦਗੀ

ਆ ਵੀ ਜਾਹ ਐ ਜ਼ਿੰਦਗੀ
ਸਾਹਾਂ 'ਚ ਤਰਨ ਲਈ
ਖ਼ੁਦ ਨੂੰ ਉਲੀਕਿਆ ਮੈਂ
ਤੇਰੇ ਰੰਗ ਭਰਨ ਲਈ

ਸਾਡੇ ਤੇ ਤੇਰੇ ਰਿਸ਼ਤਿਆਂ ਦੇ
ਤੰਦ ਭੁਰਦੇ ਜਾਣ
ਵਗਦੇ ਅੱਥਰੂਆਂ ਸੰਗ ਸਾਰੇ
ਸੁਪਨੇ ਖੁਰਦੇ ਜਾਣ
ਹੁਣ ਆਪ ਹੀ ਆ ਰਿਸ਼ਤਿਆਂ ਨੂੰ
ਰਫੂ ਕਰਨ ਲਈ... ਆ ਵੀ ਜਾਹ

ਰੁੱਤਾਂ ਤਾਂ ਜੀਣ ਦੇ ਘਰੌਂਦੇ
ਪੂੰਝ ਤੁਰੀਆਂ ਨੇ
ਬਾਕੀ ਬਚੇ ਕੱਖ ਵੀ ਹਵਾਵਾਂ
ਹੂੰਝ ਤੁਰੀਆਂ ਨੇ
ਰਹਿ ਗਏ ਅਸੀਂ ਤਾਂ ਬੱਸ
ਸਿਤਮ ਜਰਨ ਲਈ... ਆ ਵੀ ਜਾਹ

ਚਾਵਾਂ ਦੀ ਸਾਡੀ ਧਰਤ
ਸਾਰੀ ਲੀਰ ਲੀਰ ਹੈ
ਹਰ ਕਦਮ ਦੇ ਹੇਠਾਂ ਵਿਛੀ
ਮਿੱਟੀ 'ਚ ਚੀਰ ਹੈ
ਵੱਸ ਜਾਹ ਸਰਸ ਤੂੰ ਸਾਰੀਆਂ
ਤੇੜਾਂ ਨੂੰ ਭਰਨ ਲਈ... ਆ ਵੀ ਜਾਹ

ਅਜੀਬ ਵੇਲਿਆਂ 'ਚ ਸਾਡਾ
ਤਾਣ ਬਣ ਕੇ ਆ
ਸਾਡੇ ਲਈ ਅਪਣੱਤ ਦੀ
ਪਛਾਣ ਬਣ ਕੇ ਆ
ਸਾਹਾਂ ਦੇ ਸਰਵਰਾਂ 'ਚ ਰਚ
ਉਮੰਗ ਭਰਨ ਲਈ... ਆ ਵੀ ਜਾਹ

ਸਾਵੇ ਘਾ ਦੇ ਵਾਂਗ ਸਾਡੀ
ਆਸ ਬਣ ਕੇ ਆ
ਮੌਤ ਦੀ ਥਾਂ ਜੀਣ ਖ਼ਾਤਰ
ਵਾਸ ਬਣ ਕੇ ਆ
ਆਸਾਂ ਦਾ ਨਿੱਤ ਨਸੀਬ ਨਾ
ਹੋਵੇ ਮਰਨ ਲਈ

ਆ ਵੀ ਜਾਹ ਐ ਜ਼ਿੰਦਗੀ
ਸਾਹਾਂ 'ਚ ਤਰਨ ਲਈ
ਖ਼ੁਦ ਨੂੰ ਉਲੀਕਿਆ ਮੈਂ ਤੇਰੇ
ਰੰਗ ਭਰਨ ਲਈ

# ਕੋਈ ਕੀ ਕਰੇ

ਇਸ ਨਗਰ ਦੇ ਅੱਥਰੇ
ਰਿਵਾਜ਼ ਦਾ ਕੋਈ ਕੀ ਕਰੇ
ਚਿਹਰਿਆਂ 'ਚੋਂ ਗੁੰਮ ਗਈ
ਆਵਾਜ਼ ਦਾ ਕੋਈ ਕੀ ਕਰੇ

ਕੀ ਕਰੇ ਹਵਾਵਾਂ 'ਚੋਂ
ਸਾਹਵਾਂ 'ਚ ਰਚਦੀ ਪੀੜ ਦਾ
ਵੇਲਣਾ ਸੋਚਾਂ ਦਾ ਹਰਦਮ
ਜਿੰਦ ਨੂੰ ਨਪੀੜਦਾ
ਪੀੜਾਂ ਪਰੁੱਚੇ ਜੀਣ ਦੇ ਇਸ
ਸਾਜ਼ ਦਾ ਕੋਈ ਕੀ ਕਰੇ... ਇਸ ਨਗਰ ਦੇ ..

ਚਿਹਰੇ ਰਹੇ ਨੇ ਬੋਲ ਕੁਝ
ਆਵਾਜ਼ ਸੁਣਦੀ ਹੋਰ ਹੈ
ਬਾਹਰੋਂ ਤਾਂ ਸ਼ਾਂਤ ਜਾਪਦੇ
ਅੰਦਰ ਬਹੁਤ ਹੀ ਸ਼ੋਰ ਹੈ
ਚੁੱਪ 'ਚੋਂ ਰਿਸਦੇ ਸ਼ੋਰ ਦੇ
ਇਸ ਰਾਜ਼ ਦਾ ਕੋਈ ਕੀ ਕਰੇ... ਇਸ ਨਗਰ ਦੇ

ਬੀਜ ਜ਼ਿੰਦਗੀ ਹੀ ਰਹੇ
ਤੇ ਸਿੰਜ ਵੀ ਰਹੇ ਖ਼ੂਨ ਨਾਲ
ਜੀਂਦੇ ਪਰ ਏਵੇਂ, ਜਿਵੇਂ ਨੇ
ਰਹੇ ਬੇਗਾਨੀ ਜੂਨ ਪਾਲ
ਹਰ ਹਾਸੇ ਖਾਤੇ ਦੁੱਖ ਦੇ
ਇੰਦਰਾਜ਼ ਦਾ ਕੋਈ ਕੀ ਕਰੇ... ਇਸ ਨਗਰ ਦੇ

ਇਸ ਨਗਰ 'ਚ ਹਰ ਕੋਈ
ਚੱਕਰ ਕਿਸੇ ਤੇ ਹੀ ਸਵਾਰ
ਗਤੀ ਉਹਦੀ ਮਸਲ ਰਹੀ
ਹਰੇਕ ਸੁਪਨੇ ਦੀ ਨੁਹਾਰ
ਦਾਇਰਾਕਰ ਰਫ਼ਤਾਰ ਦੇ
ਨਵ-ਸਾਜ਼ ਦਾ ਕੋਈ ਕੀ ਕਰੇ... ਇਸ ਨਗਰ ਦੇ..

ਇਸ ਨਗਰ ਦੇ ਅੱਥਰੇ
ਰਿਵਾਜ਼ ਦਾ ਕੋਈ ਕੀ ਕਰੇ
ਚਿਹਰਿਆਂ 'ਚੋਂ ਗੁੰਮ ਗਈ
ਆਵਾਜ਼ ਦਾ ਕੋਈ ਕੀ ਕਰੇ

# ਸੁਣ ਬੱਦਲੀਏ ਸਾਂਵਲੀਏ ਨੀ

ਸੁਣ ਬੱਦਲੀਏ ਸਾਂਵਲੀਏ ਨੀ
ਏਸ ਨਗਰ ਰੁਕ ਜਾਹ
ਸਾਡੇ ਰੁੱਸ ਗਏ ਸਾਵਣ ਨੂੰ
ਕਿਤਿਓਂ ਮੋੜ ਲਿਆ

ਏਸ ਨਗਰ ਦੀ ਰੀਤ ਨਿਰਾਲੀ
ਜੀਣ ਦਾ ਕਾਲ ਪਿਆ
ਹਰ ਇੱਕ ਮੋੜ ਤੇ ਮੌਤ ਦਾ ਪਹਿਰਾ
ਬੰਦੇ ਜਾਂਦੀ ਖਾ
ਇਸ ਦੇ ਸਭ ਪਰਛਾਵੇਂ ਪੈੜਾਂ
ਧੋਂਦੀ ਧੋਂਦੀ ਜਾਹ
ਧਰਤੀ ਦੇ ਤਪਦੇ ਹਿਰਦੇ ਤੇ
ਛਮ ਛਮ ਕਣੀਆਂ ਪਾ... ਸੁਣ

ਏਸ ਨਗਰ ਦੀਆਂ ਮਾਂਵਾਂ ਪੱਲੇ
ਕੌਣ ਵੈਣ ਗਿਆ ਪਾ
ਭੈਣਾਂ ਹੱਥ ਫੜੀ ਰੱਖੜੀ ਨੂੰ
ਤੋੜ ਕੇ ਕੌਣ ਗਿਆ
ਰਿਸ਼ਤਿਆਂ ਦੇ ਖਿੱਲਰੇ ਧਾਗੇ
ਚੁੱਕੀ ਫਿਰਦੀ ਵਾਅ
ਤਿਰਹਾਈ ਮਿੱਟੀ ਨੂੰ ਮੋਹ ਦੀ
ਕਿਣਮਿਣ ਨਾਲ ਨੁਹਾ... ਸੁਣ ਬੱਦਲੀਏ

ਆਸਾਂ ਨੂੰ ਸਮਿਆਂ ਨੇ ਮਿੱਧਿਆ
ਚਾਅ ਵਰੋਲ਼ਣ ਸਾਹ
ਪੌਣ ਸਰਾਪੀ, ਜ਼ਹਿਰੀ ਪਾਣੀ
ਨਸ਼ਿਆਂ ਪੂੰਝੇ ਰਾਹ
ਦੁੱਖਾਂ ਮਾਰੀ ਧਰਤੀ ਉੱਤੇ
ਐਸੀ ਛਹਿਬਰ ਲਾ
ਲੇਖਾਂ 'ਚੋਂ ਹਰ ਪੀੜ ਦਾ ਗਰਦਾ
ਧੋਂਦੀ ਧੋਂਦੀ ਜਾਹ... ਸੁਣ ਬੱਦਲੀਏ..

ਇਸ ਧਰਤੀ ਦੇ ਪੀਂਘ ਪੰਘੂੜੇ
ਕਿਧਰੇ ਗਏ ਵਿਹਾਅ
ਮਨ ਅੰਬਰ ਦੀ ਸਤਰੰਗੀ ਨੂੰ
ਵੇਲਾ ਪੂੰਝ ਗਿਆ
ਹੁਣ ਜ਼ਿੰਦਗੀ ਦੇ ਰੰਗ ਚੁਣ ਸਖੀਏ
ਨਵ ਸਤਰੰਗੀ ਵਾਹ
ਇਸ ਤਿਰਹਾਈ ਧਰਤੀ ਨੂੰ ਤੂੰ
ਰੰਗਾਂ ਨਾਲ ਨੁਹਾਅ

ਸੁਣ ਬੱਦਲੀਏ ਸਾਂਵਲੀਏ ਨੀ
ਏਸ ਨਗਰ ਰੁਕ ਜਾਹ
ਸਾਡੇ ਰੁੱਸ ਗਏ ਸਾਵਣ ਨੂੰ
ਕਿਤਿਓਂ ਮੋੜ ਲਿਆ

# ਇਸ ਸਾਵਣ ਨਾ ਆਈਂ

ਇਸ ਸਾਵਣ ਨਾ ਆਈਂ ਮੇਰੇ ਸਾਹਿਬਾ
ਇਹ ਸਾਵਣ ਖ਼ੁਦ ਪਿਆਸਾ
ਲੂਸ ਰਿਹਾ ਏ ਸੀਨੇ ਇਸ ਦੇ
ਹਰ ਸੁਪਨਾ ਇਕਵਾਸਾ

ਇਸ ਸਾਵਣ ਤਾਂ ਰੁੱਸੀ ਜਿੰਦੜੀ
ਮੌਤ ਨੂੰ ਕਰੇ ਇਸ਼ਾਰੇ
ਦੁੱਖ ਦੇ ਗਹਿਰੇ ਬੱਦਲ਼ਾਂ ਪੂੰਝੇ
ਆਸਾਂ ਦੇ ਸਭ ਤਾਰੇ
ਸਾਡੀ ਮਿੱਟੀ ਦੇ ਅੰਦਰ ਹੀ
ਮਰ ਜਾਂਦਾ ਹਰ ਹਾਸਾ... ਇਸ ਸਾਵਣ

ਚਾਨਣ ਵਿਚ ਨਾ ਘੁਲਦੀਆਂ ਕਿਧਰੇ
ਛਹਿਬਰ ਦੀਆਂ ਫੁਹਾਰਾਂ
ਖੁਸ਼ਕ ਹਨੇਰੇ ਦੀ ਬੁੱਕਲ਼ ਵਿਚ
ਕੁੱਸਦੇ ਰੰਗ ਹਜ਼ਾਰਾਂ
ਬੱਸ ਨ੍ਹੇਰਾ ਹੀ ਖੇਡੇ ਹਰਦਮ
ਸੁੱਟ ਕੇ ਆਪਣਾ ਪਾਸਾ... ਇਸ ਸਾਵਣ

ਇਸ ਸਾਵਣ ਹਰਿਆਲੀ ਸਾਰੀ
ਫਿਕਰਾਂ ਲੋਆਂ ਸਾੜੀ
ਇਹ ਬੇਦਰਦਾ ਮੌਸਮ ਜਾਵੇ
ਜੀਣ ਦੀ ਫਸਲ ਉਜਾੜੀ
ਰਿਮ ਝਿਮ ਮੰਗਦੀ ਜ਼ਿੰਦਗੀਦਾ
ਤੇਹਾਂ ਦੇ ਘਰ ਵਿੱਚ ਵਾਸਾ... ਇਸ ਸਾਵਣ

ਸਾਡੇ ਹਿੱਸੇ ਆਈਆਂ ਧਰਤੀ
ਅੰਬਰ ਦੀਆਂ ਰੁਸਵਾਈਆਂ
ਵੇਲੇ ਦੇ ਲਾਰੇ ਦੀਆਂ ਰਮਜ਼ਾਂ
ਸਾਨੂੰ ਸਮਝ ਨਾ ਆਈਆਂ
ਸਾਡੀਆਂ ਸੁਣਨ ਵਾਲੇ ਦਾ ਖ਼ਬਰੇ
ਕਿਹੜੇ ਮੰਡਲ ਵਾਸਾ... ਇਸ ਸਾਵਣ

ਇਸ ਸਾਵਣ ਦੇ ਵਿਹੜੇ ਸੱਜਣਾਂ
ਰੋਂਦੀਆਂ ਫਿਰਨ ਬਹਾਰਾਂ
ਖ਼ਬਰੇ ਉਹ ਸਾਵਣ ਕਦ ਆਵੇ
ਜਿਸ ਨੂੰ 'ਵਾਜਾਂ ਮਾਰਾਂ
ਏਸੇ ਸਾਵਣ ਆ ਜਾ ਸਾਹਿਬਾ
ਕੱਲ੍ਹ ਦਾ ਕੀ ਭਰਵਾਸਾ


ਇਸ ਸਾਵਣ ਨਾ ਆਈਂ ਮੇਰੇ ਸਾਹਿਬਾ
ਇਹ ਸਾਵਣ ਖ਼ੁਦ ਪਿਆਸਾ
ਲੂਸ ਰਿਹਾ ਏ ਸੀਨੇ ਇਸ ਦੇ
ਹਰ ਸੁਪਨਾ ਇਕਵਾਸਾ

# ਐ ਹਵਾਏ

ਐ ਹਵਾਏ ਸਿਰਫ ਸਾਡੇ
ਸਾਹੀਂ ਹੀ ਨਾ ਆ ਤੇ ਜਾਹ
ਮੇਰੇ ਦੇਸ਼ ਮੇਰੇ ਲੋਕਾਂ ਦੀ
ਸਹੇਲੀ ਬਣ ਕੇ ਆ

ਸਾਹਾਂ ਵਿੱਚ ਵੱਸੀਆਂ
ਉਦਾਸੀਆਂ ਨੂੰ ਪੂੰਝ ਜਾਹ
ਜ਼ਿੰਦਗੀ ਦੇ ਮਨ 'ਚ ਉੱਗੀ
ਮੌਤ ਨੂੰ ਵੀ ਹੂੰਝ ਜਾਹ
ਆਸਾਂ ਦੇ ਸੀਨੇ ਚਾਵਾਂ ਵਾਲਾ
ਸਾਵਾ ਸਾਵਾ ਘਾਹ ਉਗਾ
ਐ ਹਵਾਏ


ਜ਼ਿੰਦਗੀ ਤਾਂ ਆਪਣੀ
ਹਵਾੜ ਨਾਲ ਹੀ ਤਪੇ
ਗਹਿਰਿਆਂ ਹਨੇਰਿਆਂ ਦੇ
ਸਾਏ ਚਿਹਰੇ ਤੇ ਛਪੇ
ਇਹਦੇ ਲੂਸੇ ਪੈਰਾਂ ਹੇਠ
ਚਾਨਣੀ ਦੀ ਤਹਿ ਵਿਛਾ
ਐ ਹਵਾਏ



ਸਾਹ ਦੀਆਂ ਤਾਰਾਂ ‘ਚ ਵੱਸੀ
ਪੀੜ ਦੀ ਕੋਈ ਤਾਨ ਛੋਹ
ਜੀਣ ਦੇ ਹੁਲਾਸ ਮੱਤੀ
ਫਜ਼ਰ ਜਿਹੀ ਅਜ਼ਾਨ ਛੋਹ
ਹੌਕੇ ਬਣ ਕੇ ਸਾਡੇ ਸਾਹਾਂ
ਨੂੰ ਨਾ ਧੌਂਕਣੀ ਬਣਾ
ਐ ਹਵਾਏ

ਗਲੋਬਲੀ ਸਮੇਂ ‘ਚੋਂ ਸਾਡੇ
ਆਪਣੇ ਸਮੇਂ ਨੂੰ ਛਾਣ
ਉਤਾਰ ਜ਼ਿੰਦਗੀ ਦੇ ਚਿਹਰੇ
ਤੋਂ ਬੇਗਾਨੇ ਰੰਗ ਦੀ ਪਾਣ
ਸਾਡੇ ਵਿਹੜਿਆਂ ‘ਚ ਸਖੀਏ
‘ਵਾਅ ਪੁਰੇ ਦੀ ਬਣ ਕੇ ਆ

ਐ ਹਵਾਏ ਸਿਰਫ ਸਾਡੇ
ਸਾਹੀਂ ਹੀ ਨਾ ਆ ਤੇ ਜਾਹ
ਮੇਰੇ ਦੇਸ਼ ਮੇਰੇ ਲੋਕਾਂ ਦੀ
ਸਹੇਲੀ ਬਣ ਕੇ ਆ



# ਜਦੋਂ ਇਹ ਲੱਗ ਰਿਹਾ ਹੁੰਦਾ

ਜਦੋਂ ਇਹ ਲੱਗ ਰਿਹਾ ਹੁੰਦਾ
ਕਿਸੇ ਨੂੰ ਯਾਦ ਕਰਦੇ ਹਾਂ
ਕਿਸੇ ਅੰਦਰ ਦੀ ਖਾਈ ਦਾ
ਉਦੋਂ  ਅਨੁਵਾਦ ਕਰਦੇ ਹਾਂ

ਬਣਾ ਕੇ ਬੁੱਤ ਸੋਚਾਂ ਦੇ
ਉਨ੍ਹਾ ਨੂੰ ਸਾਂਭ ਕੇ ਅੰਦਰ
ਉਹਨਾਂ ਨਾਲ ਗੱਲ ਕਰਕੇ
ਸੁੰਨ ਵਿੱਚ ਵਿਸਮਾਦ ਭਰਦੇ ਹਾਂ

ਕੈਸਾ ਮਸਲਾ ਹੈ ਦਿਲ ਦਾ
ਅਵੱਲਾ ਰਿਸ਼ਤਾ ਹੈ ਇਸ ਦਾ
ਕਦੇ ਇਸ ਨੂੰ ਤਬਾਹ ਕਰਦੇ
ਕਦੇ ਆਬਾਦ ਕਰਦੇ ਹਾਂ

ਦਮ ਘੁੱਟਦਾ ਏ ਮਨ ਅੰਦਰ
ਜੀਣਾ ਕੈਦ ਲਗਦੀ ਏ
ਉਸੇ ਮਨ ਦੀ, ਉਸੇ ਦੇ ਕੋਲ
ਫਿਰ ਫ਼ਰਿਆਦ ਕਰਦੇ ਹਾਂ

ਤਰਦੀ ਭੀੜ ਦਰਦਾਂ ਦੀ
ਯਾਦਾਂ ਦੇ ਸਮੁੰਦਰ ਵਿਚ
ਇਨ੍ਹਾਂ ਵਿਚ ਭਿੱਜੇ ਡੁੱਬੇ
ਆਪਣੇ ਅੰਦਰ ਉਤਰਦੇ ਹਾਂ

ਜਦੋਂ ਇਹ ਲੱਗ ਰਿਹਾ ਹੁੰਦਾ
ਕਿਸੇ ਨੂੰ ਯਾਦ ਕਰਦੇ ਹਾਂ
ਕਿਸੇ ਅੰਦਰ ਦੀ ਖਾਈ ਦਾ ਹੀ
ਬੱਸ ਅਨੁਵਾਦ ਕਰਦੇ ਹਾਂ




# ਸੁਪਨੇ ਪੁੱਛਿਆ

ਖਾਨਾ ਬਦੋਸ਼ੀ ਆਪਣੀ ਨੂੰ
ਤੱਕਿਆ ਤਾਂ ਡਰ ਗਏ
ਅੱਖੀਆਂ 'ਚੋਂ ਡੁੱਲ੍ਹਦਿਆਂ ਜਦ
ਸੁਪਨੇ ਸਾਰੇ ਠਰ ਗਏ

ਸੁਪਨਿਆਂ ਨੇ ਪੁੱਛਿਆ ਫਿਰ
ਸਾਡੇ ਘਰ ਕਿਧਰ ਗਏ
ਅੱਖੀਆਂ ਨੇ ਦੱਸਿਆ
ਮੌਸਮ ਹੀ ਕਿਧਰੇ ਧਰ ਗਏ

ਸੁਪਨਿਆਂ ਨੇ ਪੁੱਛਿਆ
ਮੌਸਮ ਉਹ,ਹੁਣ ਕਿਧਰ ਗਏ
ਨਜ਼ਰ ਦੱਸਿਆ ਵਕਤ ਦੇ
ਧੱਕੇ ਕਿਨਾਰਾ ਕਰ ਗਏ

ਸੁਪਨ ਪੁੱਛਿਆ ਸਾਡੀ ਆਪਣੀ
ਵੀ ਤਾਂ ਕੁਝ ਜ਼ਮੀਨ ਸੀ
ਜਿੰਦ ਦੱਸਿਆ ਉਹ ਤਾਂ ਸਾਹ
ਪੌਣਾਂ ਨੂੰ ਗਿਰਵੀ ਕਰ ਗਏ



ਸੁਪਨ ਪੁੱਛਿਆ ਸਾਡੇ ਕੁਝ
ਆਪਣੇ ਪਿਆਰੇ ਰੰਗ ਸੀ
ਨਜ਼ਰ ਦੱਸਿਆ ਉਹਨਾ ਨੂੰ ਪਲ
ਰਿਸ਼ਤਿਆਂ ਵਿੱਚ ਭਰ ਗਏ

ਸੁਪਨ ਪੁੱਛਿਆ ਰਿਸ਼ਤੇ ਤਾਂ ਫਿਰ
ਰੰਗਲੇ ਹੋ ਗਏ ਹੋਣਗੇ
ਜਿੰਦ ਦੱਸਿਆ ਰਿਸ਼ਤੇ ਬੱਸ
ਰੰਗਾਂ ਦਾ ਵਣਜ ਕਰ ਗਏ



# ਵੇਖੋ ਕੈਸੇ ਕੈਸੇ ਸਾਡੇ ਸਮਿਆਂ ਦੇ ਪਾਸਾਰ ਰਹੇ

ਵੇਖੋ ਕੈਸੇ ਕੈਸੇ ਸਾਡੇ ਸਮਿਆਂ ਦੇ ਪਾਸਾਰ ਰਹੇ
ਮੌਸਮ ਦੋਸਤੀਆਂ ਤੋਂ ਕਿਧਰੇ ਜ਼ਿਆਦਾ ਨੇ ਵਫਾਦਾਰ ਰਹੇ

ਜਾਂਦੇ-ਜਾਂਦੇ ਮੁੜ ਮੁੜ ਤੱਕਦੇ ਆਉਂਦੇ ਰਹੇ ਉਹ ਵਾਪਸ ਵੀ
ਬੰਦਿਆਂ ਵਰਗੇ ਕਦੀ ਨਹੀਂ ਨੇ ਮੌਸਮ ਦੇ ਕਿਰਦਾਰ ਰਹੇ

ਦੇਖ ਰਹੇ ਉਹ ਢੋਲ-ਨਗਾਰੇ, ਤਾੜੀ ਦੀਵੇ ਸ਼ੀਸ਼ੇ ਲੈ
ਢਿੱਡੋਂ ਭੁੱਖੇ ਲੂਸੇ ਰਾਹ ਦੇ ਪੈਂਡੇ ਪੈਰ ਬੁਹਾਰ ਰਹੇ

ਨ੍ਹੇਰ ਦੀਆਂ ਉਹ ਚਿੱਪਰਾਂ ਛਿਲਦੇ, ਘੜਦੇ ਸੂਰਜ ਨਿੱਤ ਨਵਾਂ
ਮਿਲਦੇ ਚੁਟਕੀ ਚਾਨਣ ਦੇ ਸੰਗ ਝੱਟ ਅਪਣਾ ਨੇ ਸਾਰ ਰਹੇ

ਰੋਟੀ ਸੂਰਜ ਰੋਟੀ ਚੰਦ ਤੇ ਰੋਟੀ ਹੀ ਸੁਪਨਾ ਹੋਈ
ਰੋਟੀ ਦੇ ਟੁੱਟਦੇ ਤਾਰੇ ਹੀ ਵੇਲੇ ਦਾ ਤਿਉਹਾਰ ਰਹੇ

ਵੇਖੋ ਕੈਸੇ ਕੈਸੇ ਸਾਡੇ ਸਮਿਆਂ ਦੇ ਪਾਸਾਰ ਰਹੇ
ਮੌਸਮ ਦੋਸਤੀਆਂ ਤੋਂ ਕਿਧਰੇ ਜ਼ਿਆਦਾ ਨੇ ਵਫਾਦਾਰ ਰਹੇ

# ਹਰ ਸ਼ਹਿਰ ਵਿਕਾਊ ਹੈ ਸੱਜਣਾਂ

ਹਰ ਸ਼ਹਿਰ ਵਿਕਾਊ ਹੈ ਸੱਜਣਾਂ
ਹਰ ਲਹਿਰ ਵਿਕਾਊ ਹੈ ਸੱਜਣਾਂ

ਸਾਡੇ ਆਲੇ ਭੋਲੇ ਮਾਲੀ ਦੀ
ਹਰ ਠਹਿਰ ਵਿਕਾਊ ਹੈ ਸੱਜਣਾਂ

ਹੁਣ ਵੱਜਦੇ ਰਾਗ ਬਾਜ਼ਾਰੀ ਦੀ
ਹਰ ਬਹਿਰ ਵਿਕਾਊ ਹੈ ਸੱਜਣਾਂ

ਆਨੰਦ ਦੇ ਰੰਗਲੇ ਕਾਗ਼ਜ਼ ਵਿੱਚ
ਹਰ ਜ਼ਹਿਰ ਵਿਕਾਊ ਹੈ ਸੱਜਣਾਂ

ਹਰ ਰਿਸ਼ਤੇ ਉਹਲੇ ਧੋਖੇ ਦਾ
ਕੋਈ ਕਹਿਰ ਵਿਕਾਊ ਹੈ ਸੱਜਣਾਂ

ਕੋਸ਼ਿਸ਼ ਕਰ ਕੇ ਸਿਰਜੀ ਜਾਂਦੀ
ਹੁਣ ਗਹਿਰ ਵਿਕਾਊ ਹੈ ਸੱਜਣਾਂ

ਹਰ ਸ਼ਹਿਰ ਵਿਕਾਊ ਹੈ ਸੱਜਣਾਂ
ਹਰ ਲਹਿਰ ਵਿਕਾਊ ਹੈ ਸੱਜਣਾਂ

# ਕਦੇ ਕਦਾਈਂ

ਕਦੇ ਕਦਾਈਂ ਚਾਨਣ ਜੁੜਦੇ
ਬੰਦੇ ਦੇ ਆਕਾਰ ਵਿੱਚ
ਨਾਨਕ ਬਣ ਕੇ ਉੱਤਰਦੇ ਫਿਰ
ਸਮਿਆਂ ਦੇ ਪਾਸਾਰ ਵਿੱਚ

ਅਜਬ ਮੁਸਾਫ਼ਰ ਇਸ ਧਰਤੀ ਦਾ
ਦੀਨ ਦੁਨੀ ਦੀ ਪੀੜਾ ਹਰਦਾ
ਯਾਰ ਰਬਾਬੀ ਸਾਥੀ ਉਸਦਾ
ਚਿੰਤਨ ਸੰਗ ਟੁਣਕਾਰ ਵਿੱਚ

ਦਸਿਆ ਹੱਥੀਂ ਕਿਰਤ ਕਮਾਉਣਾ
ਫਿਰ ਉਸ ਨੂੰ ਵੰਡ ਕੇ ਵੀ ਖਾਣਾ
ਸੁੱਚੀ ਜੀਵਨ ਜਾਚ ਕੀ ਹੋਵੇ
ਬੰਦੇ ਦੇ ਕਿਰਦਾਰ ਵਿੱਚ

ਅੰਬਰ ਨੂ ਇਕ ਥਾਲ ਬਣਾ ਕੇ
ਚੰਨ ਸੂਰਜ ਦੇ ਦੀਪ ਜਗਾ ਕੇ
ਖੰਡ ਮੰਡਲਾਂ ਦਾ ਰਾਗ ਸਿਰਜਿਆ
ਕੁਦਰਤ ਦੇ ਪਰਸਾਰ ਵਿੱਚ

ਜਿਸ ਕਰਤੇ ਦੀ ਗਾਈ ਬਾਣੀ
ਉਸੇ ਨੂੰ ਕਹੀ ਬਾਬਰ ਵਾਣੀ
ਤੈਂ ਕੀ ਦਰਦ ਨਾ ਆਇਆ ਪੁੱਛ ਕੇ
ਉਸੇ ਦੇ ਦਰਬਾਰ ਵਿੱਚ

ਖ਼ੁਦ ਕਿਰਤੀ ਖੇਤਾਂ ਦਾ ਹਾਲੀ
ਧਰਮ ਦੀਆਂ ਸਾਂਝਾਂ ਦਾ ਮਾਲੀ
ਸੂਤਰ ਸਹਿਜ ਉਚਾਰੇ ਨਾਲੇ
ਜੀਣਾ ਕਿੰਜ ਪਰਿਵਾਰ ਵਿੱਚ

ਮਾਂ ਬੋਲੀ ਦਾ ਵਾਰਸ ਵੀ ਉਹ
ਜ਼ਿੰਦਗੀ ਦਾ ਇਕ ਪਾਰਸ ਵੀ ਉਹ
ਸੁੱਚੇ ਸੋਹਜ ਦਾ ਵਹਿੰਦਾ ਝਰਨਾ
ਪੂਰਣ ਸ਼ਾਹ ਅਸਵਾਰ  ਵਿੱਚ

# ਇੱਕ ਗੇੜਾ ਲਾਇਆ ਜਾਵੇ

ਨਾਨਕ ਦੇ ਸਾਰੇ ਸਫਰਾਂ ਤੇ ਇੱਕ ਗੇੜਾ ਲਾਇਆ ਜਾਵੇ
ਲੋਕਾਂ ਦੇ ਓਸ ਮਸੀਹੇ ਦੇ ਮਕਸਦ ਨੂੰ ਉਠਾਇਆ ਜਾਵੇ

ਇਸ ਚਾਨਣ-ਮੱਤੇ ਯਾਦ ਦਿਵਸ ਨੂੰ ਇੰਜ ਮਨਾਇਆ ਜਾਵੇ
ਮਾਤਾ ਧਰਤ ਦੇ ਚਿਹਰੇ ਤੋਂ ਧੂੰਏਂ ਨੂੰ ਹਟਾਇਆ ਜਾਵੇ

ਨਾਨਕ ਦੇ ਸ਼ਬਦ ਸੁਨੇਹੇ ਨੂੰ ਇੰਜ ਮਨੀਂ ਵਸਾਇਆ ਜਾਵੇ
ਹਰ ਇੱਕ ਅਡੰਬਰ ਦੀ ਪੱਪੜੀ ਨੂੰ ਛੇੜ ਕੇ ਲਾਹਿਆ ਜਾਵੇ

ਹਰ ਇੱਕ ਵਖਰੇਵੇਂ ਦੇ ਰੋੜਾਂ ਨੂੰ ਰਾਹ ਚੋਂ ਹਟਾਇਆ ਜਾਵੇ
ਬੰਦੇ ਬੰਦੇ ਦੇ ਰਿਸ਼ਤੇ ਦਾ ਇੱਕ ਦੀਪ ਜਗਾਇਆ ਜਾਵੇ

ਕਿਰਤ ਕਰਨ ਤੇ ਵੰਡ ਖਾਣ ਜ਼ਿੰਦਗੀ ‘ਚ ਵਸਾਇਆ ਜਾਵੇ
ਹਰ ਇੱਕ ਵਿਰਵੇ ਦੇ ਹਿੱਸੇ ਏਸੇ ਮੋਹ ਨੂ ਪੁਚਾਇਆ ਜਾਵੇ

ਨਾਨਕ ਦੇ ਸਾਰੇ ਸਫਰਾਂ ਤੇ, ਇੱਕ ਗੇੜਾ ਲਾਇਆ ਜਾਵੇ
ਲੋਕਾਂ ਦੇ ਓਸ ਮਸੀਹੇ ਦੇ ਮਕਸਦ ਨੂੰ ਉਠਾਇਆ ਜਾਵੇ

# ਮਾਂ ਬੋਲੀਏ ਨੀ

ਸਾਡੀ ਸੋਹਣੀਏਂ ਰਕਾਨੇ ਮਾਂ ਬੋਲੀਏ ਨੀ
ਧੀਆਂ ਪੁੱਤਾਂ ਦੀ ਵਿਸਾਰੀ ਅਣਗੌਲੀਏ ਨੀ

ਤੂੰ ਸੈਂ ਮਿੱਟੀ ਨਾਲ ਜੁੜੀ ਤੇ ਪੰਜਾਬ ਦੀ ਪੰਜਾਬੀ
ਇਹਦੇ ਦੁੱਖਾਂ, ਸੁੱਖਾਂ, ਕਥਾ ਤੇ ਕਹਾਣੀਆਂ ਦੀ ਚਾਬੀ
ਠੱਪੇ ਧਰਮਾਂ ਦੇ ਲੱਗੇ ਤੇਰੀ ਚੀਰ ਫਾੜ ਹੋਈ
ਇਸ ਸੋਚ ਵਾਲੇ ਵਰਕੇ ਨੂੰ ਫੋਲੀਏ ਨੀ... ਸਾਡੀ

ਤੂੰ ਏਂ ਏਥੇ ਸਾਰੇ ਜੰਮਦਿਆਂ ਜੀਂਦਿਆਂ ਦੀ ਮਾਂ
ਪ੍ਰਵਾਹ ਤੈਨੂੰ ਹੱਦਾਂ ਸਰਹੱਦਾਂ ਦੀ ਵੀ ਨਾ
ਤੇਰੇ ਬੱਚੜੇ ਨਾਦਾਨ, ਤੇਰੀ ਸਾਰੀ ਆਨ ਸ਼ਾਨ
ਅਸੀਂ ਸਮਿਆਂ ਦੀ ਧੂੜ ਵਿਚ ਰੋਲੀਏ ਨੀ... ਸਾਡੀ

ਤੇਰੇ ਹੱਥਾਂ ‘ਚ ਅਨੇਕ ਉੱਪ ਬੋਲੀਆਂ ਦੇ ਤੰਦ
ਸਾਰੇ ਸੁਰਾਂ ਦੀਆਂ ਤਾਰਾਂ ਤੇਰੇ ਸਾਹਾਂ ਵਿਚ ਬੰਦ
ਤੂੰ ਤੇ ਸੂਫ਼ੀਆਂ ਤੇ ਆਸ਼ਕਾਂ ਤੇ ਬਾਣੀ ਦੀ ਏਂ ਬੋਲੀ
ਤੇਰੇ ਮਾਣ ਦੇ ਸ਼ਬਦ ਕਿੱਥੋਂ ਟੋਲ਼ੀਏ ਨੀ

ਸਾਡੀ ਸੋਹਣੀਏਂ ਰਕਾਨੇ  ਮਾਂ ਬੋਲੀਏ ਨੀ
ਧੀਆਂ ਪੁੱਤਾਂ ਦੀ ਵਿਸਾਰੀ ਅਣਗੌਲੀਏ ਨੀ

# ਇਕ ਜਿੰਦੜੀ ਦੇ ਦੋ ਯਾਰ

ਇਕ ਜਿੰਦੜੀ ਦੇ ਦੋ ਯਾਰ
ਇੱਕ ਚਾਨਣ ਦੂਜਾ ਨ੍ਹੇਰਾ
ਮੈਨੂੰ ਦੋਹਾਂ ਨਾਲ ਪਿਆਰ
ਸਖੀ ਇੱਕ ਜਿੰਦੜੀ ਦੋ ਯਾਰ

ਚਾਨਣ ਮੈਨੂੰ ਧੋ ਧੋ ਰੱਖਦਾ
ਜਗਮਗ ਕਰਦਾ ਆਵੇ
ਹੋਰ ਜੁਆਨ ਹੋਵੇ ਉਹ ਫਿਰ
ਤੇ ਅੱਖ ਮੇਰੀ ਚੁੰਧਿਆਵੇ
ਓਸੇ ਹੀ ਪਲ ਨ੍ਹੇਰਾ ਮੇਰੇ
ਮੋਢੇ ਤੇ ਹੱਥ ਰੱਖਦਾ
ਲੈ ਕੇ ਫੇਰ ਕਲਾਵੇ ਮੈਨੂੰ
ਸੁਪਨਿਆਂ ਨਾਲ ਮਨਾਵੇ
ਕਿਸ ਨਾਲ ਹੋਵਾਂ ਗ਼ੁੱਸੇ ਹੁਣ
ਤੇ ਦੇਵਾਂ ਮਨੋਂ ਵਿਸਾਰ... ਸਖੀ

ਕਦੇ ਕਦੇ ਫਿਰ ਨ੍ਹੇਰਾ ਮੇਰੀਆਂ
ਅੱਖੀਆਂ ਵਿੱਚ ਬਹਿ ਜਾਵੇ
ਆਖੇ ਬੱਸ ਤੱਕਦੀ ਰਹਿ ਮੈਨੂੰ
ਸੋਚਾਂ ਤੇ ਛਾ ਜਾਵੇ
ਚਾਨਣ ਆ ਕੇ ਕਿਸੇ ਕਿਰਨ ਨਾਲ
ਅੱਖੀਆਂ ਵਿੱਚ ਟਕੋਰ ਕਰੇ
ਨਜ਼ਰ ਮੇਰੀ ਨੂੰ ਭੁੱਲੇ ਰਸਤੇ
ਫਿਰ ਤੋਂ ਆਣ ਦਿਖਾਵੇ
ਕਿੰਜ ਕਹਾਂ ਚਾਨਣ ਨਹੀਂ ਮੇਰਾ
ਮੋੜਾਂ ਕਿੰਜ ਮੁਹਾਰ... ਸਖੀ ਇੱਕ

ਚਾਨਣ ਕਦੇ ਹਨੇਰੇ ਦੇ ਸੰਗ
ਖਹਿੰਦਾ ਖਹਿੰਦਾ ਜਾਵੇ
ਉਹਲੇ ਨਾਲ ਸ਼ਰਾਰਤ ਕਰਕੇ
ਨ੍ਹੇਰੇ ਦੇ ਨਾਂ ਲਾਵੇ
ਨ੍ਹੇਰਾ ਆਪਣਾ ਆਪ ਬਚਾਉਂਦਾ
ਚਾਨਣ ਦੇ ਨਾਲ ਲੜਦਾ
ਆਖੇ ਜੇਕਰ ਮੈਂ ਨਾ ਹੋਵਾਂ
ਕੌਣ ਤੇਰੇ ਵੱਲ ਆਵੇ
ਮੈਨੂੰ ਦੋਸ਼ ਮਿਲੇ ਤੋਂ ਹੀ ਤੂੰ
ਬਣਦਾ ਸ਼ਾਹ ਅਸਵਾਰ... ਸਖੀ ਇੱਕ

ਚਾਨਣ ਕਦੇ ਬੜਾ ਖੁਸ਼ ਹੋ ਕੇ
ਹਰ ਪਰਦਾ ਲਾਹ ਜਾਵੇ
ਹਰ ਰਿਸ਼ਤੇ ਅੰਦਰਲੇ ਮੋਹ ਦੀਆਂ
ਰਮਜ਼ਾਂ ਦੇ ਰੰਗ ਲਾਹਵੇ
ਆਪਣੇਪਨ ਦੇ ਅਕਸ ਤਿੜਕਿਆਂ
ਜਦ ਮੈਂ ਟੁੱਟਦੀ ਜਾਵਾਂ
ਨ੍ਹੇਰਾ ਆ ਕੇ ਉਹਲੇ ਸਿਰਜੇ
ਭਰਮ ਦੇ ਟਾਂਕੇ ਲਾਵੇ
ਜੇ ਨ੍ਹੇਰੇ ਨੂੰ ਦੋਸ਼ ਦਿਆਂ
ਸਾਹਵਾਂ ਨੂੰ ਲਵਾਂ ਖਿਲਾਰ

ਸਖੀ ਇੱਕ ਜਿੰਦੜੀ ਦੋ ਯਾਰ
ਇੱਕ ਚਾਨਣ ਦੂਜਾ ਨ੍ਹੇਰਾ
ਮੈਨੂੰ ਦੋਹਾਂ ਨਾਲ ਪਿਆਰ
ਸਖੀ ਇੱਕ ਜਿੰਦੜੀ ਦੋ ਯਾਰ

.

# ਜਿਸ ਸਾਵਣ ਨੂੰ ਤਾਂਘ ਰਹੇ ਹਾਂ

ਜਿਸ ਸਾਵਣ ਨੂੰ ਤਾਂਘ ਰਹੇ ਹਾਂ
ਉਹ ਸਾਵਣ ਕਦ ਆਏਗਾ
ਧਰਤੀ ਤੇ ਜੀਂਦਾ ਹਰ ਬੰਦਾ
ਮਨ ਅੰਦਰੋਂ ਮੁਸਕਾਏਗਾ

ਆਸਾਂ ਨੂੰ ਜਦ ਫੁੱਲ ਪੈਣਗੇ
ਰੀਝਾਂ ਪੂਰੀਆਂ ਹੋਣਗੀਆਂ
ਰੋਟੀ ਦੇ ਸੁਪਨੇ ਲੈ ਜਿੰਦਾਂ
ਭੁੱਖੇ ਪੇਟ ਨਾ ਸੌਣਗੀਆਂ
ਸਾਵਣ ਦਾ ਅਸਲੀ ਸਾਵਾ ਰੰਗ
ਜ਼ਿੰਦਗੀ ਤੇ ਛਾ ਜਾਏਗਾ... ਜਿਸ ਸਾਵਣ

ਇੱਕ ਰੁੱਤ ਆਵੇ ਤੇ ਇੱਕ ਜਾਵੇ
ਜ਼ਿੰਦਗੀ ਰਹੇ ਉਡੀਕਾਂ ਵਿਚ
ਔਂਸੀਆਂ ਪਾਉਂਦੀ ਲੀਕਾਂ ਗਿਣਦੀ
ਉਲਝੀ ਫਿਰੇ ਤਰੀਕਾਂ ਵਿਚ
ਕਦ ਮੌਸਮ ਰਿਮ ਝਿਮ ਵੱਸੇਗਾ
ਅਸਲੀ ਸਉਣ ਲਿਆਏਗਾ... ਜਿਸ ਸਾਵਣ

ਜਦ ਕੁੜੀਆਂ ਦੇ ਮਨ ਦੀਆਂ ਪੀਂਘਾਂ
ਅਸਲੀ ਪੀਂਘਾਂ ਹੋਣਗੀਆਂ
ਰੁਜ਼ਗਾਰਾਂ ਨੂੰ ਲੱਭਦੀਆਂ ਪੈੜਾਂ
ਹੱਸਦੀਆਂ ਘਰਾਂ ਨੂੰ ਆਉਣਗੀਆਂ
ਜਦ ਹਾਕਮ ਲੋਕਾਂ ਦੀ ਪੀੜਾ
ਆਪਣੇ ਮਨੋ ਹੰਢਾਏਗਾ... ਜਿਸ ਸਾਵਣ

ਛੈਲ ਜਵਾਨਾਂ ਦੇ ਸਾਹਵਾਂ ਨੂੰ
ਜਦ ਨੂੰ ਨਸ਼ੇ ਨਾ ਤੋੜਨਗੇ

ਜੀਣ ਥੀਣ ਦੇ ਚਾਅ ਉਹਨਾ ਨੂੰ
ਦਰਾਂ ਘਰਾਂ ਵੱਲ ਮੋੜਨਗੇ
ਖੀਰਾਂ ਪੂੜੇ ਪੀਂਘਾਂ ਦਾ ਰੰਗ
ਰੁੱਤ ਸਾਰੀ ਭਰ ਜਾਏਗਾ... ਜਿਸ

ਹੱਦਾਂ ਸਰਹੱਦਾਂ ਤੇ ਲੋਕੀਂ
ਬਣ ਕੇ ਗੁਆਂਢੀ ਵਰਤਣਗੇ
ਜਦ ਪੌਣਾਂ ਵਿਚ ਭਟਕੇ ਸੁਪਨੇ
ਆਪਣੀ ਭੌਂ ਵੱਲ ਪਰਤਣਗੇ
ਫਿਰ ਕੋਈ ਬਾਬੇ ਨਾਨਕ ਵਾਂਗੂੰ
ਧਰਤੀ ਨੂੰ ਗਾਹ ਆਏਗਾ... ਜਿਸ

ਉੜਾਂ ਥੁੜਾਂ ਮਾਰੇ ਅੰਨ ਦਾਤੇ
ਮੌਤ ਦੇ ਰਾਹ ਨਾ ਪੈਣ ਜਦੋਂ
ਮਿਹਨਤਕਸ਼ਾਂ ਦੀ ਦੌਲਤ ਨੂੰ
ਨਾ ਤਕੜੇ ਸਾਂਭ ਕੇ ਬਹਿਣ ਜਦੋਂ
ਫਿਰ ਧਰਤੀ ਸਰਸ਼ਾਰ ਹੋਏਗੀ
ਹਰ ਕੋਨਾ ਮਹਿਕਾਏਗਾ... ਜਿਸ

ਜੋ ਸਾਵਣ ਆ ਕੇ ਨਾ ਆਏ
ਕਿੰਜ ਗੁਆਚੇ ਕਿੱਥੇ ਭਟਕੇ
ਹਾਸੇ ,ਆਸਾਂ ਤੇ ਗੀਤਾਂ ਦੇ
ਤੁਰੇ ਕਾਫ਼ਲੇ ਕਿੱਥੇ ਅਟਕੇ
ਕੌਣ, ਕਿਵੇਂ ਸਾਰਾ ਕੁਝ ਸਾਡਾ
ਫਿਰ ਤੋਂ ਮੋੜ ਲਿਆਏਗਾ

ਜਿਸ ਸਾਵਣ ਨੂੰ ਤਾਂਘ ਰਹੇ ਹਾਂ
ਉਹ ਸਾਵਣ ਕਦ ਆਏਗਾ
ਧਰਤੀ ਤੇ ਜੀਂਦਾ ਹਰ ਬੰਦਾ
ਮਨ ਅੰਦਰੋਂ ਮੁਸਕਾਏਗਾ

# ਸੋਚ ਨਾ ਜਿੰਦ ਮੇਰੀਏ

ਸੋਚ ਨਾ ਜਿੰਦ ਮੇਰੀਏ, ਕਿ ਐਵੇਂ ਹੰਢ ਰਹੀ ਹਾਂ ਮੈਂ
ਪਤਝੜਾਂ ਨੂੰ ਸਭ ਬਹਾਰਾਂ, ਖੁੱਲ੍ਹ ਕੇ ਵੰਡ ਰਹੀ ਹਾਂ ਮੈਂ

ਕੁਝ ਤਾਂ ਝੋਰੇ ਪੂੰਝ ਲਏ ਸੀ, ਸਾਹਾਂ ਦੇ ਤੂਫ਼ਾਨ ਨੇ
ਬਾਕੀ ਸਾਰੇ ਮੋਢਿਆਂ ਤੋਂ, ਆਪ ਛੰਡ ਰਹੀ ਹਾਂ ਮੈਂ

ਦੀਪ ਜਗ ਰਹੇ ਜੇ ਆਪਣੀ, ਹੋਂਦ ਦੇ ਅਹਿਸਾਸ ਨਾਲ
ਇਸ ਲਈ ਕਿ ਸੋਚ ਆਪਣੀ, ਦਾ ਬ੍ਰਹਿਮੰਡ ਰਹੀ ਹਾਂ ਮੈਂ

ਟਿਮਕਣੋਂ ਬੁਝ ਗਏ ਉਦਾਸ, ਸਾਰੇ ਤਾਰਿਆਂ ਨੂੰ ਹੀ
ਖ਼ਾਕ ਆਪਣੀ ਚੋਂ ਜਗਣ ਦਾ, ਹੁਨਰ ਵੰਡ ਰਹੀ ਹਾਂ ਮੈਂ

ਮਾਣ ਐਵੇਂ ਤਾਂ ਨਹੀਂ ਮੈਨੂੰ, ਆਪਣੇ ਟੁੱਟ ਟੁੱਟ ਜੁੜਨ ਦਾ
ਲੜ ਕੇ ਹਰ ਤੂਫ਼ਾਨ ਸੰਗ, ਆਖਰ ਅਖੰਡ ਰਹੀ ਹਾਂ ਮੈਂ

ਸੋਚ ਨਾ ਜਿੰਦ ਮੇਰੀਏ, ਕਿ ਐਵੇਂ ਹੰਢ ਰਹੀ ਹਾਂ ਮੈਂ
ਪਤਝੜਾਂ ਨੂੰ ਸਭ ਬਹਾਰਾਂ ਖੁੱਲ੍ਹ ਕੇ ਵੰਡ ਰਹੀ ਹਾਂ ਮੈਂ

# ਲਾਈ ਜਾਹ ਜ਼ੋਰ ਜ਼ਿੰਦਗੀ

ਲਾਈ ਜਾਹ ਜ਼ੋਰ ਜ਼ਿੰਦਗੀ, ਨਹੀਂ ਟੁੱਟਣਾ ਮੈਂ ਤੈਥੋਂ ਆਸਾਨੀ ਦੇ ਨਾਲ
ਲਚਕ ਮੇਰੀ ਕਮਜ਼ੋਰੀ ਨਹੀਂ, ਆਦਤ ਹੈ ਜ਼ਿਦ ਦੀ ਨਿਸ਼ਾਨੀ ਦੇ ਨਾਲ

ਅਲ੍ਹੜ ਸੁਭਾ ਦੀ ਗਿਲਾਨੀ, ਨਾ ਦੇਹ ਕੋਈ ਅਕਲਾਂ ਦੇ ਸੂਤਰ
ਖੁਸ਼ ਹਾਂ ਮੈਂ ਆਪਣੀ ਫ਼ਕੀਰਾਂ ਜਿਹੀ ਇਸ ਨਾਦਾਨੀ ਦੇ ਨਾਲ

ਵਗਾ ਲੈ ਹਵਾਵਾਂ ਵਿਰੋਧੀ, ਵਧਾ ਲੈ ਕਸੈਲੇ ਸਮੁੰਦਰਾਂ ਦੇ ਜ਼ੋਰ
ਚੱਪੂ ਹਾਂ ਹਿੰਮਤ ਦੀ ਕਿਸ਼ਤੀ ਦਾ ਮੈਂ, ਨਹੀਂ ਮਸਲਾ ਕਿਸੇ ਪਰੇਸ਼ਾਨੀ ਦੇ ਨਾਲ

ਖਲਾਅ ਕਰ ਦੇ ਰਿਸ਼ਤੇ, ਡੁਬੋ ਦੇ ਉਦਾਸੀ 'ਚ ਹਰ ਸਾਹ ਤੂੰ ਮੇਰਾ
ਇਕੱਲ ਸਹੇਲੀ ਉਦਾਸੀ ਪਹਿਰਾਵਾ, ਹੰਢਾਉਂਦੀ ਹਾਂ ਮੈਂ ਮਨਮਾਨੀ ਦੇ ਨਾਲ

ਕਿੰਨਾ ਕੁ ਡੋਬੇਂਗੀ ਹੰਝੂਆਂ 'ਚ ਨਜ਼ਰਾਂ, ਕਿੰਨਾ ਕੁ ਧੁੰਦਲਾ ਤੇ ਖਾਰਾ ਕਰੇਂਗੀ
ਭਿੱਜੀ ਤੇ ਖਾਰੀ ਹੋਈ ਮਿੱਟੀ ਦੇਖੀਂ ਉਗਾਏਗੀ ਸੁਪਨੇ ਰਵਾਨੀ ਦੇ ਨਾਲ

ਲਾਈ ਜਾਹ ਜ਼ੋਰ ਜ਼ਿੰਦਗੀ, ਨਹੀਂ ਟੁੱਟਣਾ ਮੈਂ ਤੈਥੋਂ ਆਸਾਨੀ ਦੇ ਨਾਲ
ਲਚਕ ਮੇਰੀ ਕਮਜ਼ੋਰੀ ਨਹੀਂ, ਆਦਤ ਹੈ ਜ਼ਿਦ ਦੀ ਨਿਸ਼ਾਨੀ ਦੇ ਨਾਲ

# ਇੰਜ ਨਹੀਂ ਸਰਨਾ

ਇੰਜ ਨਹੀਂ ਸਰਨਾ ਕਿ ਇਸ ਤਰਾਂ ਮੈਂ ਘਬਰਾਇਆ ਕਰਾਂ
ਜ਼ਿੰਦਗੀ ਜ਼ਿੰਦਗੀ ਕਰਦਿਆਂ ਇਸ ਤੋਂ ਨਿੱਖੜ ਜਾਇਆ ਕਰਾਂ

ਕੈਸੀ ਫ਼ਸਲ ਹੈ ਜ਼ਿੰਦਗੀ, ਏਸੇ ਦੀ ਕਾਸ਼ਤ ਕਰਦਿਆਂ
ਏਸੇ ਦੀ ਭੁੱਖ ਨਾਲ ਮੈਂ ਹਰ ਰੋਜ਼ ਮਰ ਜਾਇਆ ਕਰਾਂ

ਫੁੱਲਾਂ ਤੋਂ ਵੀ ਬਹੁਤ ਹੌਲੀ ਛੂਈ ਮੂਈ ਜ਼ਿੰਦਗੀ
ਇਸ ਦੇ ਭਾਰ ਹੇਠ ਹੀ ਮੈਂ ਰੋਜ਼ ਪਿਸ ਜਾਇਆ ਕਰਾਂ

ਡਾਢੀ ਸਖੀ ਹੈ ਜ਼ਿੰਦਗੀ, ਹਰ ਰੋਜ਼ ਇਸ ਨਾਲ ਲੜਦਿਆਂ
ਹਲਕਾ ਜਿਹਾ ਇਹ ਛੂਹ ਲਵੇ ਤਾਂ ਝੱਟ ਮੰਨ ਜਾਇਆ ਕਰਾਂ

ਜਾਦੂਗਰਨੀ ਜ਼ਿੰਦਗੀ ਨੇ ਕੀਲਿਆ ਹੈ ਇਸ ਕਰਾਂ
ਪੀ ਕੇ ਸਾਹ ਕਹੇ ਉੱਠ ਤੇ ਮੈਂ ਝੱਟ ਉੱਠ ਜਾਇਆ ਕਰਾਂ

ਇੰਜ ਨਹੀਂ ਸਰਨਾ ਕਿ ਇਸ ਤਰਾਂ ਮੈਂ ਘਬਰਾਇਆ ਕਰਾਂ
ਜ਼ਿੰਦਗੀ ਜ਼ਿੰਦਗੀ ਕਰਦਿਆਂ ਇਸ ਤੋਂ ਨਿੱਖੜ ਜਾਇਆ ਕਰਾਂ

# ਹਰ ਇੱਕ ਰੁੱਤ

ਹਰ ਇੱਕ ਰੁੱਤ ਦੇ ਵਿਚ ਵਿਚਾਲੇ ਉੱਡਦੀ ਫਿਰਦੀ ਰੇਤ
ਖ਼ਬਰੇ ਕਿੱਥੇ ਗੁੰਮ ਗਏ ਜਿੰਦੇ ਤੇਰੇ ਫੱਗਣ ਚੇਤ

ਫੱਗਣ ਜਾਗ ਕੇ ਖਿੜ ਖਿੜ ਪੈਣਾਂ ਸੋਮਨ ਕਲੀਆਂ ਨੇ
ਝੂਮਣ ਲੱਗਣਾਂ ਪੌਣਾਂ ਸੰਗ ਕਣਕਾਂ ਦੀਆਂ ਬੱਲੀਆਂ ਨੇ
ਵਿੱਸਰ ਗਿਆ ਮਹਿਕਾਂ ਦਾ ਫੁੱਟ ਕੇ ਫਿਰਨਾ ਖੇਤੋਂ ਖੇਤ
ਖ਼ਬਰੇ ਕਿੱਥੇ ਗੁੰਮ ਗਏ ਜਿੰਦੇ ਤੇਰੇ ਫੱਗਣ ਚੇਤ

ਚੇਤਰ ਕਣਕਾਂ ਪੱਕਣੀਆਂ ਆਸਾਂ ਨੇ ਪੱਲਰਨਾ
ਭਰੇ ਭੜੋਲੇ ਜਗਦੇ ਮਨ ਦੇ ਸੁਪਨੇ ਉੱਭਰਨਾ
ਚੁੱਕੀ ਫਿਰਨਾ ਮਨ ਦੀ ਕੰਨੀ ਬੰਨ੍ਹੇ ਹੱਸਦੇ ਭੇਤ
ਖ਼ਬਰੇ ਕਿੱਥੇ ਗੁੰਮ ਗਏ ਜਿੰਦੇ ਤੇਰੇ ਫੱਗਣ ਚੇਤ

ਬੀੜੇ ਹੋਏ ਸੁਪਨੇ ਫਿਰ ਤੋਂ ਨਵੀਆਂ ਫ਼ਸਲਾਂ ਦੇ
ਸੁਪਨੇ ਵੇਖੇ ਚਾਵਾਂ ਤੇ ਰੀਝਾਂ ਦੀਆਂ ਵਸਲਾਂ ਦੇ
ਕਰਜ਼ੇ ਖ਼ਰਚੇ ਖਾ ਪੀ ਜਾਂਦੇ ਸਣੇ ਸੁਪਨਿਆਂ ਖੇਤ
ਖ਼ਬਰੇ ਕਿੱਥੇ ਗੁੰਮ ਗਏ ਜਿੰਦੇ ਤੇਰੇ ਫੱਗਣ ਚੇਤ

ਨਵੇਂ ਸਮੇਂ ਦੇ ਬਾਣੇ ਪਾ ਕੇ ਮੰਡੀ ਘਰ ਆਈ
ਪੀਂਘਾਂ, ਗਿੱਧੇ ਖੇੜੇ ਜ਼ਿੰਦਗੀ ਗਿਰਵੀ ਧਰ ਆਈ
ਹੱਸਣਾ ਗਾਉਣਾ ਭੁੱਲੀ ਤੇ ਹੁਣ ਡਿੱਗੀ ਪਈ ਅਚੇਤ
ਖ਼ਬਰੇ ਕਿੱਥੇ ਗੁੰਮ ਗਏ ਜਿੰਦੇ ਤੇਰੇ ਫੱਗਣ ਚੇਤ

ਹਰ ਇੱਕ ਰੁੱਤ ਦੇ ਵਿਚ ਵਿਚਾਲੇ ਉੱਡਦੀ ਫਿਰਦੀ ਰੇਤ
ਖ਼ਬਰੇ ਕਿੱਥੇ ਗੁੰਮ ਗਏ ਜਿੰਦੇ ਤੇਰੇ ਫੱਗਣ ਚੇਤ

# ਸੱਚ ਜਿਹੇ ਆਪੇ ਨੂੰ

ਸੱਚ ਜਿਹੇ ਆਪੇ ਨੂੰ ਕੱਚ ਵਿਚ ਢਾਲ ਬੈਠੇ
ਖ਼ੁਦ ਦਵਾ ਸਾਂ ਦਰਦ ਬਹੁਤੇ ਪਾਲ ਬੈਠੇ

ਕੱਚ ਸਾਂ ਤਿੜਕੇ ਤੇ ਖਿੱਲਰੇ ਵੀ ਅਸੀਂ
ਟੁੱਟੇ ਸਾਰੇ ਅਕਸ ਫਿਰ ਸੰਭਾਲ਼ ਬੈਠੇ


ਬਹੁਤ ਸਾਰੀ ਬਹਿਸ ਫਿਰ ਹੁੰਦੀ ਰਹੀ
ਜਦ ਕਦੇ ਵੀ ਆਪ ਆਪਣੇ ਨਾਲ ਬੈਠੇ

ਖ਼ਬਰੇ ਕਿਹੜੇ ਰਾਗ ਗਾਏ ਜ਼ਿੰਦਗੀ ਨੇ
ਖ਼ਬਰੇ ਕਿੱਥੇ ਥਿੜਕ ਸਾਡੇ ਤਾਲ ਬੈਠੇ

ਧਰਤ ਤੇ ਬੀਜੀ ਅਸਾਂ ਨੇ ਜ਼ਿੰਦਗੀ
ਖ਼ਬਰੇ ਕੇਵੇਂ ਮੌਤ ਵਿਚ ਫਿਰ ਢਾਲ ਬੈਠੇ

ਆਪਣੇ ਅੰਬਰ ਖੁਸ਼ ਰਹੋ ਐ ਤਾਰਿਓ
ਹੁਣ ਅਕੀਦੇ ਆਪਣੇ ਜੁਗਨੂੰ ਪਾਲ ਬੈਠੇ

ਸੱਚ ਜਿਹੇ ਆਪੇ ਨੂੰ ਕੱਚ ਵਿਚ ਢਾਲ ਬੈਠੇ
ਖ਼ੁਦ ਦਵਾ ਸਾਂ ਦਰਦ ਬਹੁਤੇ ਪਾਲ ਬੈਠੇ



# ਦਿਨ ਸਾਰਾ ਤਾਂ ਚਾਨਣ

ਦਿਨ ਸਾਰਾ ਤਾਂ ਚਾਨਣ ਦੇ ਸੰਗ ਮਚਲੇ ਸੀ ਪਰਛਾਵੇਂ
ਸ਼ਾਮ ਪਈ ਤਾਂ ਪਰਤੇ ਵਾਪਸ ਹੋ ਕੇ ਫੇਰ ਨਿਥਾਵੇਂ

ਕਿਸ ਧਰਤੀ ਤੋਂ ਤੇੜਾਂ ਪੀ ਕੇ, ਕਿੱਥੋਂ ਪੀਤੇ ਹੌਂਕੇ
ਕਿੰਨੀ ਭਟਕਣ ਸਾਂਭ ਲਿਆਏ ਆਪਣੀ ਸੌਲੀ ਛਾਵੇਂ

ਕਿੱਥੋਂ ਸਿੱਖੀ ਓ ਪਰਛਾਵੇਂ ਕਰਨੀ ਐਸੀ ਯਾਰੀ
ਲਾ ਕੇ ਰੱਖਣੇ ਨ੍ਹੇਰੇ ਸਾਰੇ ਬੱਸ ਆਪਣੇ ਹੀ ਨਾਵੇਂ

ਉਸੇ ਦੇ ਸੰਗ ਤੁਰਦੇ ਜਾਣਾ, ਬੱਸ ਜੀਹਦੇ ਵੀ ਹੋ ਗਏ
ਧੁੰਦਾਂ, ਜੰਗਲ਼, ਪੱਥਰ ਤੇ ਜਾਂ ਥਲ ਵੀ ਹੋਵੇ ਭਾਵੇਂ

ਯਾਦਾਂ ਦੇ ਗਲਿਆਰੇ ਦੀਆਂ ਭੀੜਾਂ ਵਿਚਲੀ ਚੁੱਪੀ
ਕਿੰਜ ਸਾਂਭਦੈਂ ਅੱਥਰੂਆਂ ਦੀ ਸਿੱਲ੍ਹੀ ਸਿੱਲ੍ਹੀ ਛਾਵੇਂ

ਇਹੋ ਚੁੱਪੀ ਸਿਲ੍ਹ ਆਪਣੀ 'ਚੋਂ ਪੁੰਗਰ ਕੇ ਜਦ ਜਾਗੇ
ਅੱਥਰੂਆਂ ਤੋਂ ਤ੍ਰੇਲ ਬਣੇ ਲੱਗੇ ਸਰਘੀ ਦੇ ਨਾਂਵੇਂ

ਦਿਨ ਸਾਰਾ ਤਾਂ ਚਾਨਣ ਦੇ ਸੰਗ ਮਚਲੇ ਸੀ ਪਰਛਾਵੇਂ
ਰਾਤ ਪਈ ਤਾਂ ਪਰਤੇ ਵਾਪਸ ਹੋ ਕੇ ਫੇਰ ਨਿਥਾਵੇਂ

# ਦੱਸ ਨੀ ਵਿਸਾਖੀਏ

ਰੰਗਾਂ ਰੂਪਾਂ ਚਾਵਾਂ ਨਾਲ ਜੜੀਏ ਵਿਸਾਖੀਏ
ਬਦਲੀ ਏ ਜਿਵੇਂ ਹੁਣ ਕੀ ਤੈਨੂੰ ਆਖੀਏ

ਬਦਲੇ ਤੂੰ ਆਪਣੇ ਸਰੂਪ ਸਾਰੇ ਸਖੀਏ
ਰੂਪ ਤੇਰੇ ਹੋਏ ਨੇ ਅਰੂਪ ਸਾਰੇ ਸਖੀਏ
ਸੁਪਨਿਆਂ ਵਿੱਚ ਤਾਂ ਤੂੰ ਛੈਲ ਮੁਟਿਆਰ ਸੈਂ
ਹੁਣ ਤੇਰੇ ਰੰਗਾਂ ਦੀ ਅਜੀਬ ਜਿਹੀ ਝਾਕੀ ਏ
ਦੱਸ ਨੀ ਵਿਸਾਖੀਏ, ਕੀ ਤੈਨੂੰ ਆਖੀਏ

ਜੀਣ ਦੇ ਵਸੀਲੇ ਸਭ ਬਣ ਗਏ ਮਰਜ਼ਾਂ
ਖਾ ਲਈ ਕਿਸਾਨੀ ਸਾਰੀ ਖ਼ਰਚਾ ਤੇ ਗ਼ਰਜ਼ਾਂ
ਲੰਬੜਾਂ ਤੇ ਸ਼ਾਹਾਂ ਦੇ ਹਿਸਾਬ ਨਹੀਂ ਸੀ ਮੁੱਕਦੇ
ਬੈਂਕਾਂ ਦੇ ਹਿਸਾਬੀਂ ਹੁਣ ਕੈਦ ਤੂੰ ਵਿਸਾਖੀਏ
ਕਿੰਜ ਤੈਨੂੰ ਆਖੀਏ ਸਾਡੀ ਏਂ ਵਿਸਾਖੀਏ

ਮੌਸਮਾਂ ਦੀ ਮਾਰ ਤਾਂ ਹਮੇਸ਼ਾਂ ਤੋਂ ਹੀ ਪੈਂਦੀ ਸੀ
ਸੁਪਨਿਆਂ ਨੂੰ ਠੁਮ੍ਹਣੇਂ ਉਮੀਦ ਪਰ ਦੇਂਦੀ ਸੀ
ਠੁਮ੍ਹਣੇ ਵੀ ਸਾਰੇ ਜਦ ਭੁਰ ਚੁਰ ਜਾਣ ਫਿਰ
ਤੇਰੇ ਨਾਲ ਨੱਚਣੇ ਨੂੰ ਕੀਹਨੂੰ ਹੁਣ ਆਖੀਏ
ਦੱਸ ਨੀ ਵਿਸਾਖੀਏ, ਦੱਸ ਨੀ ਵਿਸਾਖੀਏ

ਰੰਗਲੇ ਜਿਹੇ ਗੀਤ ਤੇਰੇ ਸਾਰੇ ਝੂਠੇ ਪੈ ਗਏ
ਸ਼ਮਲੇ ਦਮਾਮੇ ਕਿਤੇ ਦੂਰ ਪਿੱਛੇ ਰਹਿ ਗਏ
ਸੁਪਨੇ ਜੋ ਤੱਕੇ ਸੀ ਧੂੰਏਂ ਦੀ ਜੂਨ ਪੈ ਗਏ
ਧੂੰਏਂ ਵਿੱਚ ਕਿਹੜੇ ਪਾਸੇ ਵੇਖੀਏ ਤੇ ਚਾਖੀਏ
ਦੱਸ ਸਖੀਏ ਨੀ ਕੁਝ ਦੱਸ ਨੀ ਵਿਸਾਖੀਏ

ਸੁੰਨ ਸੁੰਨ ਮੌਸਮਾਂ ‘ਚ ਕਣਕਾਂ ਸੀ ਪਾਲੀਆਂ
ਵੱਖ ਵੇਖ ਚੜ੍ਹਦੀਆਂ ਸਾਨੂੰ ਵੀ ਸੀ ਲਾਲੀਆਂ
ਉੱਡ ਗਏ ਨੇ ਰੰਗ ਸਾਰੇ ਬਦਲੇ ਹਾਲਾਤ ਏਵੇਂ
ਬੈਠੀ ਏਂ ਬੇਰੰਗ ਸਾਡੀ ਰੋਟੀ ਦੀਏ ਰਾਖੀਏ
ਪਹਿਲੇ ਰੂਪ ਵਿੱਚ ਹੁਣ ਆ ਜਾ ਨੀ ਵਿਸਾਖੀਏ

ਰੰਗਾਂ ਰੂਪਾਂ ਚਾਵਾਂ ਨਾਲ ਜੜੀਏ ਵਿਸਾਖੀਏ
ਇੰਜ ਬਦਲੀ ਏਂ ਦੱਸ ਕੀ ਤੈਨੂੰ ਆਖੀਏ

# ਜਾਗ ਪੰਜਾਬ ਦੇ ਫ਼ਿਕਰ ਜਾਗ

ਜਾਗ ਪੰਜਾਬ ਦੇ ਫਿਕਰ ਜਾਗ ਤੇ ਘੁੰਮ ਕੇ ਆਈਏ
ਤਿੜਕੀ ਥਿੜਕੀ ਸਲਤਨਤ ਦਾ ਗੇੜਾ ਲਾਈਏ

ਮੋਤੀਆ ਬਿੰਦ ਉੱਤਰਿਆ ਹਰ ਸੁਪਨੇ ਦੀ ਅੱਖ
ਲੱਭੀਏ ਕੋਈ ਵੈਦ ਤੇ ਇਹਨੂੰ ਸਾਫ਼ ਕਰਾਈਏ

ਕਾਲੇ ਧੂੰਏਂ ਪੱਸਰੇ ਇਹਦੇ ਜੰਗਲ਼ ਬੇਲੇ
ਬਾਰਿਸ਼ ਰੋਸ਼ਨ ਸੂਝ ਦੀ ਪਾ ਰੂਪ ਜਗਾਈਏ

ਸੁਪਨੇ ਇਹਦੇ ਭਟਕਦੇ ਫਿਰਦੇ ਜੋ ਦਰ ਦਰ
ਧੁੰਦ ਉਹਨਾ ਦੇ ਰਸਤਿਆਂ ਦੀ ਪੂੰਝ ਕੇ ਆਈਏ

ਲਾਰਿਆਂ ਦੀਆਂ ਪਗਡੰਡੀਆਂ ਤੇ ਤੁਰਦੇ ਥੱਕੇ
ਪੈਰੀਂ ਪੈ ਗਏ ਛਾਲਿਆਂ ਤੇ ਮਲ੍ਹਮਾਂ ਲਾਈਏ


ਚਾਵਾਂ ਦੇ ਤੁਰਦੇ ਕਾਫ਼ਲੇ ਸਮਿਆਂ ਜੋ ਲੁੱਟੇ
ਖਿੰਡੇ ਨਿੱਕ-ਸੁੱਕ ਉਹਨਾ ਦੇ ਨੂੰ ਸਾਂਭ ਲਿਆਈਏ

ਛੋਹੀਏ ਇਹਦੀ ਹਿੰਮਤ ਦੀ ਕੋਈ ਕਥਾ ਕਹਾਣੀ
ਉਸ ਚੋਂ ਅੱਜ ਦੇ ਵੇਲਿਆਂ ਵਿੱਚ ਕਲਮ ਲਗਾਈਏ

ਤਿਰਹਾਏ ਤਿੜਕੇ ਸੁਪਨਿਆਂ ਦੀਆਂ ਕਬਰਾਂ ਉੱਤੇ
ਫਿਰ ਇੱਕ ਵਾਰੀਂ ਬੀਜੀਏ ਤੇ ਆਸ ਉਗਾਈਏ

ਅਗਵਾ ਰੁੱਤ ਦੇ ਪਿੰਜਰਿਆਂ ਵਿਚ ਕੈਦ ਉਮੀਦਾਂ
ਉਹਨਾ ਲਈ ਨਵੀਂਆਂ ਰੁੱਤਾਂ ਦੇ ਨਕਸ਼ੇ ਬਣਵਾਈਏ

ਜਾਗ ਪੰਜਾਬ ਦੇ ਫਿਕਰ ਜਾਗ ਤੇ ਘੁੰਮ ਕੇ ਆਈਏ
ਤਿੜਕੀ ਥਿੜਕੀ ਸਲਤਨਤ ਦਾ ਗੇੜਾ ਲਾਈਏ



# ਦਾਅ ਤੇ ਸੀ ਆਪਣਾ ਆਪ

ਦਾਅ ਤੇ ਆਪਣਾ ਆਪ ਰੰਗਾਂ ਦੀ ਤਲਾਸ਼ ਸੀ
ਇੰਜ ਜ਼ਿੰਦਗੀ ਨੂੰ ਖੇਡਿਆ ਜਿਵੇਂ ਇਹ ਤਾਸ਼ ਸੀ

ਜਿਸ ਦੇ ਵਾਰਸ ਲੱਭਦਿਆਂ ਪੈਂਡੇ ਪਏ ਰਹੇ
ਆਪਣੇ ਮੋਢੇ ਤੇ ਉਹ ਆਪਣੀ ਹੀ ਲਾਸ਼ ਸੀ

ਸੁਪਨਿਆਂ ਦੀ ਪੈੜ ਪਹੁੰਚੀ ਪੱਥਰਾਂ ਦੇ ਸ਼ਹਿਰ
ਬੰਦਾ ਹਰੇਕ ਖ਼ੁਦ ਦਾ ਜਿੱਥੇ ਬੁੱਤ ਤਰਾਸ਼ ਸੀ

ਜਿਸ ਬਿੜਕ ਤੇ ਤੁਰੇ ਤੇ ਨਿੱਖੜੇ ਆਪਣੇ ਆਪ ਤੋਂ
ਸਾਡਿਆਂ ਹੀ ਚਿਤਵਿਆਂ ਸਮਿਆਂ ਦੀ ਲਾਸ਼ ਸੀ

ਹੌਕੇ ਦੇ ਕਲ਼ਾਵਿਆਂ ਦੇ ਝੁਲ਼ਸੇ ਜੰਗਲੀਂ
ਦਮ ਦੇ ਸਿਰ ਮਘਿਆ ਤਾਂ ਆਸਾਂ ਦਾ ਪਲਾਸ਼ ਸੀ

ਦਾਅ ਤੇ ਸੀ ਆਪਣਾ ਆਪ ਰੰਗਾਂ ਦੀ ਤਲਾਸ਼ ਸੀ
ਇੰਜ ਜ਼ਿੰਦਗੀ ਨੂੰ ਖੇਡਿਆ ਜਿਵੇਂ ਇਹ ਤਾਸ਼ ਸੀ

# ਜ਼ਿੰਦਗੀ ਤੂੰ ਆ

ਜ਼ਿੰਦਗੀ ਤੂੰ ਆ ਕਿਸੇ ਆਪਣੇ ਜਿਹੇ ਅਹਿਸਾਸ ਵਿਚ
ਤੁਰਦੇ ਰਹੇ ਹਾਂ ਨਾਲ ਤੇਰੇ ਹਰ ਵਿਰੋਧਾਭਾਸ ਵਿਚ

ਨਾਲ ਤੁਰਦੀ ਮੌਤ ਨੇ ਕੀਤੇ ਇਸ਼ਾਰੇ ਬਹੁਤ ਵਾਰ
ਪਰ ਅਸੀਂ ਜੀਂਦੇ ਰਹੇ ਲਾਰੇ ਤੇਰੇ ਦੀ ਆਸ ਵਿਚ

ਤੈਨੂੰ ਕਿਆਸਦੇ ਰਹੇ ਰਾਹਾਂ ਦੀ ਭੀੜ ‘ਚੋਂ ਅਸੀਂ
ਤੂੰ ਲੁਕੀ ਰਹੀ ਸਦਾ ਉਡੀਕ ਦੇ ਲਿਬਾਸ ਵਿਚ

ਸੁਪਨੇ ਸਾਰੇ ਤੇਰੇ ਗਲਿਆਰੇ ਦੇ ਮੇਚ ਹੋਣ ਲਈ
ਪਿੰਜਦੇ ਖ਼ੁਦ ਨੂੰ ਰਹੇ ਜਾਂ ਤੁਰ ਗਏ ਪਰਵਾਸ ਵਿਚ

ਰੋਜ਼ ਪੁਰਵਾਈ ਤੇ ਤੇਰਾ ਨਾਮ ਲਿਖ ਲੈਂਦੇ ਰਹੇ
ਰੋਜ਼ ਤੂੰ ਵੱਟਦੀ ਰਹੀ ਹੁੰਮਸ ਦੇ ਕਾਰਾਵਾਸ ਵਿਚ


# ਧਰਤੀ ਹੋਈ ਸੋਨਾ ਸੋਨਾ

ਧਰਤੀ ਹੋਈ ਸੋਨਾ ਸੋਨਾ
ਪਏ ਸਰ੍ਹੋਂ ਨੂੰ ਫੁੱਲ ਵੇ
ਇਸ ਸੋਹਣੀ ਰੁੱਤ ਬਸੰਤੀ ਨੂੰ
ਜਿੰਦ ਲੈਣਾ ਚਾਹੇ ਮੁੱਲ ਵੇ

ਇਸ ਰੁੱਤੇ ਕਣਕਾਂ ਨਿੱਸਰੀਆਂ
ਇਸ ਰੁੱਤੇ ਰੀਝਾਂ ਪੁੰਗਰੀਆਂ
ਗਰਭਣ ਧਰਤ ਦੀ ਗੋਦ ਭਰੀ
ਫੁੱਟ ਫੁੱਟ ਪਏ ਖਿੜਦੇ ਫੁੱਲ ਵੇ... ਧਰਤੀ ਹੋਈ


ਠਰੀਆਂ ਪੌਣਾਂ ਹੋਈਆਂ ਨਿੱਘੀਆਂ
ਤਰਬਾਂ ਦੀਆਂ ਖੁੱਲ੍ਹ ਗਈਆਂ ਘਿੱਗੀਆਂ
ਫੱਗਣ ਦੀ ਪੌਣ ਰਵਾਂ ਹੋਈ
ਤੇ ਗੀਤ ਰਹੇ ਵਿੱਚ ਘੁਲ਼ ਵੇ... ਧਰਤੀ ਹੋਈ

ਇਸ ਰੁੱਤੇ ਮਨ ਦੇ ਮੀਤ ਤੂੰ ਆ
ਪਿਘਲ਼ੀ ਮੌਸਮ ਦੀ ਸੀਤ ਤੂੰ ਆ
ਬਰਫ਼ਾਂ ਝਰਨੇ ਵਿੱਚ ਢਲ ਗਈਆਂ
ਕੁਦਰਤ ਦਾ ਮੋਹ ਰਿਹਾ ਡੁੱਲ੍ਹ ਵੇ... ਧਰਤੀ ਹੋਈ



ਜਦ ਚਾਰ ਚੁਫੇਰੇ ਰੰਗ ਜਾਗੇ
ਆਪਣੇ ਮਨ ਦੇ ਖਿੱਲਰੇ ਧਾਗੇ
ਆਪਣੇ ਤੋਂ ਹੀ ਨਾ ਸੁਲਝ ਰਹੇ
ਮੈਂ ਰੁੱਤ ਲਵਾਂ ਕਿੰਜ ਮੁੱਲ ਵੇ

ਧਰਤੀ ਹੋਈ ਸੋਨਾ ਸੋਨਾ
ਪਏ ਸਰ੍ਹੋਂ ਨੂੰ ਫੁੱਲ ਵੇ
ਇਸ ਸੋਹਣੀ ਰੁੱਤ ਬਸੰਤੀ ਨੂੰ
ਜਿੰਦ ਲੈਣਾ ਚਾਹੇ ਮੁੱਲ ਵੇ




# ਚਾਨਣ ਨੂੰ ਹੁਣ ਆਕਾਰ ਦੇਹ

ਚਾਨਣ ਨੂੰ ਹੁਣ ਆਕਾਰ  ਦੇਹ
ਆਪਣੀ ਹੀ ਬੱਸ ਨੁਹਾਰ ਦੇਹ
ਫੁੱਟੇ ਇਹ ਆਪਣੇ ਆਪ 'ਚੋਂ
ਇੰਜ ਲਾਟ ਨੂੰ ਸਵਾਰ ਦੇਹ

ਇਸ ਲਾਟ ਵਿਚ ਫਿਰ ਆਪ ਵੱਸ
ਇਸ ਨੂੰ ਹਰੇਕ ਜਾਚ ਦੱਸ
ਖਹਿਣਾ ਕਿਵੇਂ ਹਨੇਰ ਸੰਗ
ਖੁਦ ਤੋਂ ਹੀ ਕਰਨੀ ਆਸ ਬੱਸ

ਸੁਣ ਬਲਣ ਦੀ ਕਹਾਣੀ ਵੀ
ਅੱਥਰੂਆਂ ਦੇ ਪਾਣੀ ਵੀ
ਹੈ ਲਾਟ ਖ਼ਾਤਰ ਤੇਲ ਬਣਨਾ
ਬਣਨਾ ਆਪਣੇ ਹਾਣੀ ਵੀ

ਸਾਰੇ ਭੁਲੇਖੇ ਮਨ ਦੇ ਤੋੜ
ਖਿੱਲਰੇ ਆਪੇ ਨੂੰ ਜੋੜ
ਭਟਕੀ ਹੋਈ ਤਲਾਸ਼ ਦੀ
ਆਪਣੇ ਹੀ ਵੱਲ ਮੁਹਾਰ ਮੋੜ



ਚੰਨ ਵੀ ਹੈ ਆਪਣੇ ਆਪ ਵਿਚ
ਸੂਰਜ ਵੀ ਆਪਣੇ ਤਾਪ ਵਿਚ
ਆਪੇ ਤੋਂ ਬਾਹਰ ਭਟਕਣਾ
ਗੁੰਮ ਜਾਣਾ ਬੱਸ ਸਰਾਪ ਵਿਚ

ਉੱਠਣਾ ਹੈ ਬੱਦਲ਼ ਦੀ ਤਰਾਂ
ਤੇ ਵੱਸਣਾ ਮਨ ਦੇ ਗਰਾਂ
ਖ਼ੁਦ ਬਾਜ਼ੀ ਜਿੱਤਣ ਦੇ ਲਈ
ਉੱਠ ਸਾਂਭ ਖਿੱਲਰੀਆਂ ਸਰਾਂ

ਚਾਨਣ ਨੂੰ ਹੁਣ ਆਕਾਰ ਦੇਹ
ਆਪਣੀ ਹੀ ਬੱਸ ਨੁਹਾਰ ਦੇਹ
ਫੁੱਟੇ ਇਹ ਆਪਣੇ ਆਪ 'ਚੋਂ
ਇੰਜ ਲਾਟ ਨੂੰ ਸਵਾਰ ਦੇਹ
..

# ਇਸ ਤਰਾਂ ਤੂਫ਼ਾਨ ਹੋਈ ਪੌਣ

ਇਸ ਤਰਾਂ ਤੂਫਾਨ ਹੋਈ ਪੌਣ ਨੇ ਪਾਏ ਫਿਕਰ
ਸੋਚਦੀ ਏ ਜ਼ਿੰਦਗੀ ਕਿ ਰਹਿਣਾ ਹੈ ਤਾਂ ਕਿਹੜੇ ਘਰ

ਹਨੇਰੀਆਂ ਫਿਕਰਾਂ ਦੀਆਂ ,ਚਾਵਾਂ ਦੇ ਪੱਤੇ ਕਿਰ ਗਏ
ਆਸਾਂ ਨੂੰ ਵੀ ਪੈ ਗਿਆ ਏ ਏਥੋਂ ਹਿਜਰਤਾਂ ਦਾ ਡਰ

ਵਾ-ਵਰੋਲ਼ੇ ਕਰ ਰਹੇ ਨੇ ਹੁਣ ਉਸਾਰੀ ਮੌਸਮਾਂ ਦੀ
ਤੇਲ ਚੁੱਕੀ ਦੀਵੇ ਸਾਰੇ  ਫਿਰ ਰਹੇ ਨੇ ਦਰ ਬ-ਦਰ

ਹਨੇਰ ਦੇ ਹੀ ਝੁਰਮਟਾਂ ਦੇ ਤਾਣਿਆਂ 'ਚ ਉਲਝੀ ਸੋਚ
ਟੋਹ ਰਹੀ ਏ ਹਰ ਦਿਸ਼ਾ 'ਚੋਂ ਕੋਈ ਚਾਨਣੀ ਖ਼ਬਰ

ਜਿਹੜੇ ਰੰਗਾਂ ਦੀ ਕਿਆਰੀ ਖਾਬ ਬੀਜੇ ਸੀ ਅਸਾਂ
ਗਹਿਰ ਉਨ੍ਹਾਂ ਰੰਗਾਂ ਦੀ 'ਚ ਖਾਬ ਸਾਰੇ ਰਹੇ ਨੇ ਮਰ

ਇਸ ਤਰਾਂ ਤੂਫ਼ਾਨ ਹੋਈ ਪੌਣ ਨੇ ਪਾਏ ਫਿਕਰ
ਸੋਚਦੀ ਏ ਜ਼ਿੰਦਗੀ ਕਿ ਰਹਿਣਾ ਹੈ ਤਾਂ ਕਿਹੜੇ ਘਰ

# ਰਾਮ ਕਹਾਣੀ ਲਿਖੀਏ

ਆਪਣਿਆਂ ਸਮਿਆਂ ਦੀ ਰਾਮ ਕਹਾਣੀ ਲਿਖੀਏ
ਆਪਣੀ ਆਪਣੀ ਤੇਹ ਨੂੰ ਹੀ ਹੁਣ ਪਾਣੀ ਲਿਖੀਏ

ਭੀੜਾਂ ਵਿਚਲੇ 'ਕੱਲੇ– ਪਨ ਦੀ ਇਸ ਰੁੱਤੇ
ਆਪਣੇ ਖਿੱਲਰੇ ਟੋਟੇ ਚੁਣ ਕੇ ਢਾਣੀ ਲਿਖੀਏ

ਰੰਗ ਬਿਰੰਗੇ ਵ੍ਹਾਦੇ ਵੰਡਦੀ ਖੁਸ਼ ਰਹਿੰਦੀ
ਚਲੋ ਸਿਆਸਤ ਖ਼ੁਦ ਲਈ ਜੀਂਦੀ ਰਾਣੀ ਲਿਖੀਏ

ਤਾਕਤ, ਲਾਰੇ, ਹੁਕਮ ਤੇ ਮੌਸਮ ਵੋਟਾਂ ਦੇ
ਇਹਨਾ ਵਿਚੋਂ ਆਪਾਂ ਜ਼ਿੰਦਗੀ ਛਾਣੀ ਲਿਖੀਏ

ਨਵੇਂ ਕਾਨੂੰਨੀ ਪਿੰਜੀ ਜਾ ਰਹੀ ਜ਼ਿੰਦਗੀ ਦੀ
ਨਵੀਂ ਨਵੇਲੀ ਹਰ ਦਿਨ ਹੋਰ ਕਹਾਣੀ ਲਿਖੀਏ

ਆਪਣਿਆਂ ਸਮਿਆਂ ਦੀ ਰਾਮ ਕਹਾਣੀ ਲਿਖੀਏ
ਆਪਣੀ ਆਪਣੀ ਤੇਹ ਨੂੰ ਹੀ ਹੁਣ ਪਾਣੀ ਲਿਖੀਏ

# ਇਸ ਤਰਾਂ ਨਹੀਂ

ਇਸ ਤਰਾਂ ਨਹੀਂ ਕਿ ਆਸ ਪਾਸ ਹੀ ਕੋਈ ਨਹੀਂ
ਗੱਲ ਕਿਸੇ ਦੇ ਹੋਣ ਵਰਗੀ ਪਰ ਕੋਈ ਹੋਈ ਨਹੀਂ

ਸਿੱਖ ਲਿਆ ਏ ਛਾਣ ਲੈਣਾ ਹੌਂਕਿਆਂ ‘ਚੋਂ ਸਾਹਾਂ ਨੂੰ
ਨਗਰ ਤੇਰੇ ਸਾਹ ਲ਼ਈ ਤਾਂ ਪੌਣ ਹੀ ਕੋਈ ਨਹੀਂ

ਸਾਰੀ ਦੁਨੀਆਂ ਦੇਖ ਬੈਠੇ ਸੁਣ ਲਈ ਸਾਰੀ ਕਥਾ
ਆਪਣੇ ਬਾਰੇ ਕਦੇ ਪਰ ਗੱਲ ਕੋਈ ਹੋਈ ਨਹੀਂ

ਜੁਗਨੂੰ ਤਾਂ ਉੱਡੇ ਸੀ ਬਿਦ ਕੇ ਤਾਰਿਆਂ ਦੇ ਨਾਲ
ਮਾਰ ਗਈ ਸਭ ਨੂੰ ਹਵਾ ਤੇ ਰੁੱਤ ਕੋਈ ਰੋਈ ਨਹੀਂ

ਗਲੋਬਲੀ ਸਮੇਂ ‘ਚ ਹੋਈ ਸਾਰੀ ਦੁਨੀਆਂ ਆਪਣੀ
ਆਪਣੇ ਅੰਦਰ ਹੀ ਪਰ ਆਪੇ ਨੂੰ ਹੁਣ ਢੋਈ ਨਹੀਂ

ਇਸ ਤਰਾਂ ਨਹੀਂ ਕਿ ਆਸ ਪਾਸ ਹੀ ਕੋਈ ਨਹੀਂ
ਗੱਲ ਕਿਸੇ ਦੇ ਹੋਣ ਵਰਗੀ ਪਰ ਕੋਈ ਹੋਈ ਨਹੀਂ

# ਸਰਘੀ ਰੰਗੀਏ ਕੁੜੀਏ

ਸਰਘੀ ਰੰਗੀਏ ਕੁੜੀਏ ਨੈਣ ਬਲੌਰੀ ਖੋਲ੍ਹ ਜ਼ਰਾ
ਚਾਨਣ ਦੇਣ ਹੁੰਗਾਰੇ ਮਹਿਕੀ ਮਹਿਕੀ ਫਿਰੇ ਹਵਾ

ਬੋਲੇਂ ਤਾਂ ਇੱਕ ਸਰਗਮ ਛਿੜਦੀ ਤੁਰੇਂ ਤਾਂ ਥਿਰਕਣ ਗੀਤ
ਗਾਵੇਂ ਤਾਂ ਫੁੱਟ ਪੈਣ ਬਹਾਰਾਂ ਪਤਝੜ ਜਾਵੇ ਬੀਤ
ਹੱਸ ਪਵੇਂ ਤਾਂ ਸਾਂਭ ਨਾ ਹੁੰਦੇ ਪੌਣਾਂ ਕੋਲ਼ੋਂ ਚਾਅ... ਸਰਘੀ

ਬਿਨ ਸੁਰਮੇਂ ਹੀ ਅੱਖ ਬਲੌਰੀ ਖੁੱਲ੍ਹੇ ਤਾਂ ਹੋਣ ਉਜਾਲੇ
ਸੁਪਨੇ ਜੁਗਨੂੰ ਬਣ ਬਣ ਟਿਮਕਣ ਨੇਰ੍ਹੇ ਜਾਣ ਹੰਗਾਲੇ
ਖੁੱਲ ਜਾਣ ਜੇ ਵਾਲ ਕਿਤੇ ਤਾਂ ਜਾਣ ਘਟਾਵਾਂ ਛਾਅ... ਸਰਘੀ

ਤੂੰ ਕੁਦਰਤ ਦੀ ਕਵਿਤਾ ਅੜੀਏ ਤੂੰ ਕੁਦਰਤ ਦੀ ਕਾਨੀ
ਤੇਰੇ ਰਾਹੀਂ ਲਿਖਦੀ ਕੁਦਰਤ ਦੁਨੀਆਂ ਦੀ ਜਿੰਦਗਾਨੀ
ਖ਼ੁਦ ਨੂੰ ਸਾਂਭੀ ਰੱਖ ਖਿੱਲਰਨੋ ਆਪਣਾ ਆਪ ਬਚਾਅ

ਸਰਘੀ ਰੰਗੀਏ ਕੁੜੀਏ ਲੰਬੀਆਂ ਪਲਕਾਂ ਤਾਂ ਝਪਕਾਅ
ਚਾਨਣ ਦੇਣ ਹੁੰਗਾਰੇ ਮਹਿਕੀ ਮਹਿਕੀ ਫਿਰੇ ਹਵਾ
..

# ਪਰਦੇਸੀ ਹੋਏ ਬੱਚਿਓ

ਪਰਦੇਸੀ ਹੋਏ ਬੱਚਿਓ, ਜਦ ਜ਼ਿੰਦਗੀ ਨੂੰ ਚੱਖਣਾ
ਘਰ ਦਾ ਚੇਤਾ ਆਵੇ ਤਾਂ, ਆਪਣਾ ਖਿਆਲ ਰੱਖਣਾ

ਘਰ ਤਾਂ ਸਾਹ ਦਰ ਸਾਹ, ਤੁਹਾਨੂੰ ਇਸ ਤਰਾਂ ਚੇਤੇ ਕਰੇ
ਕਰ ਰਹੀ ਧਰਤੀ ਜਿਵੇਂ, ਸੂਰਜ ਦੀ ਨਿੱਤ ਪਰਦੱਖਣਾ

ਬਿੜਕ ਬਿੜਕ ਜੀਂਦਿਆਂ ਹੁਣ, ਤਿੜਕ ਤਿੜਕ ਪੈ ਰਿਹਾ
ਸਿਰਜ ਕੇ ਸ਼ਾਹਕਾਰ ਕਈ, ਰੀਝਾਂ ਦਾ ਵਿਹੜਾ ਸੱਖਣਾ

ਖਿੱਲਰੀ ਜਿਹੀ ਜਿੰਦ ਤੇ, ਆਸਾਂ ਦੇ ਟਾਂਕੇ ਲਾਉਂਦਿਆਂ
ਜੀਣ ਦੇ ਸੁਪਨੇ ਨੂੰ ਘਰ, ਚਾਹੁੰਦਾ ਏ ਸਾਂਭੀ ਰੱਖਣਾ

ਨਵੀਆਂ ਹਵਾਵਾਂ ਮਾਣਦੇ, ਰੰਗ ਜ਼ਿੰਦਗੀ ਦੇ ਛਾਣਦੇ
ਕੁਝ ਰੰਗ ਇਸ ਮਿੱਟੀ ਦੀ, ਕਰਜ਼ ਵਾਪਸੀ ਲਈ ਰੱਖਣਾ

ਪਰਦੇਸੀ ਹੋਏ ਬੱਚਿਓ ਜਦ ਜ਼ਿੰਦਗੀ ਨੂੰ ਚੱਖਣਾ
ਘਰ ਦਾ ਚੇਤਾ ਆਵੇ ਤਾਂ ਆਪਣਾ ਖਿਆਲ ਰੱਖਣਾ

# ਜਾਪਦਾ ਤਾਂ ਸੀ

ਜਾਪਦਾ ਤਾਂ ਸੀ ਕਿ ਦਰਿਆ ਸੰਗ ਆਪਾਂ ਤੁਰ ਸਕੇ
ਪਰ ਇਹਦੀ ਰਫ਼ਤਾਰ ਅੰਦਰ ਤਰ ਸਕੇ ਨਾ ਖੁਰ ਸਕੇ


ਖ਼ਬਰੇ ਕਿਹੜੀ ਸੁਰ ਤੇ ਵੰਝਲ਼ੀ ਵਕਤ ਦੀ ਵੱਜਦੀ ਰਹੀ
ਜੀਣ ਸੰਗ ਉਲਝੇ ਇਵੇਂ ਨਾ ਸਮਝ ਉਸ ਦੇ ਸੁਰ ਸਕੇ

ਲੁਕਣ ਮੀਟੀ ਖੇਡਦੀ ਜ਼ਿੰਦਗੀ ਦੀ ਬਿੜਕ ਸੁਣਦਿਆਂ
ਉਹਲਿਆਂ 'ਚੋਂ ਲੱਭਦੇ ਰਹੇ ਨਾਲ ਨਾ ਪਰ ਤੁਰ ਸਕੇ

ਖ਼ਬਰੇ ਕਿਹੜੇ ਸੂਤਰਾਂ ਤੇ ਉਸ ਦਾ ਕਾਰੋਬਾਰ ਸੀ
ਉਮਰ ਬੀਤੀ ਸਿੱਖਦਿਆ ਨਾ ਸਿੱਖ ਸਮੇਂ ਦੇ ਗੁਰ ਸਕੇ

ਰਟਦੇ ਰਹੇ ਕਿ ਐਸ ਵੇਲੇ ਇੰਜ ਕਰਨਾ ਉਂਜ ਕਹਿਣਾ
ਸਾਹਮਣੇ ਆਏ ਤਾਂ ਫਿਰ ਨਾ ਬੋਲ ਕੋਈ ਫੁਰ ਸਕੇ

ਜਾਪਦਾ ਤਾਂ ਸੀ ਕਿ ਦਰਿਆ ਸੰਗ ਆਪਾਂ ਤੁਰ ਸਕੇ
ਪਰ ਇਹਦੀ ਰਫ਼ਤਾਰ ਅੰਦਰ ਤਰ ਸਕੇ ਨਾ ਖੁੱਲ ਸਕੇ



## ਹੁਣ ਤਾਂ ਸਿੱਖ ਤੁਰਨਾ

ਮਨ ਮੇਰੇ ਹੁਣ ਤਾਂ ਸਿੱਖ ਤੁਰਨਾ
ਰੋਜ਼ ਥਿੜਕਦਾ ਜਾਵੇਂ
ਸ਼ਾਮ ਪਈ ਨੂੰ ਮਿੱਧਦਾ ਜਾਵੇਂ
ਯਾਦਾਂ ਦੇ ਸਿਰਨਾਵੇਂ

ਨਿੱਤ ਤੂਫ਼ਾਨ ਮਚਾ ਜਾਂਦਾ ਏ
ਕੋਈ ਡਾਢਾ ਫੁਰਨਾ
ਯਾਦਾਂ ਦੇ ਸੁੱਕੇ ਪਤਿਆਂ ਤੇ
ਪੈਂਦਾ ਏ ਜਦ ਤੁਰਨਾ
ਆਪਣੀ ਹੀ ਆਹਟ ਨਾਲ ਉੱਡਣ
ਚੇਤਿਆਂ ਦੇ ਪਰਛਾਵੇਂ ... ਮਨ ਮੇਰੇ

ਕੁਝ ਪਲ ਜੰਗਲ਼ਾਂ ਵਾਂਗੂੰ ਉੱਗੇ
ਮਨ ਦੀ ਮਿੱਟੀ ਉਤੇ
ਧੁੱਪਾਂ ਛਾਵਾਂ ਦੇ ਆਪਣੇ ਹੀ
ਜਮਘੱਟੇ ਵਿੱਚ ਸੁੱਤੇ
ਮਨ ਉਹਨਾ ਹੀ ਜੂਹਾਂ ਉੱਤੇ
ਫਿਰਦਾ ਵਾਂਗ ਨਿਥਾਵੇਂ... ਮਨ ਮੇਰੇ

ਕਿਧਰੇ ਕੁਝ ਰੋਕੇ ਅੱਥਰੂਆਂ
ਆਪਣੇ ਸਾਗਰ ਜੋੜੇ
ਜਿਸ ਦੀਆਂ ਬਾਗ਼ੀ ਹੋਈਆਂ ਛੱਲਾਂ
ਆਪਣੇ ਹੀ ਘਰ ਤੋੜੇ
ਲੈ ਕੇ ਸਭ ਇਲਜ਼ਾਮ, ਤੂਫ਼ਾਨਾ
ਦੇ ਵੀ ਆਪਣੇ ਨਾਵੇਂ... ਮਨ ਮੇਰੇ

ਕੁਝ ਅੱਥਰੂ ਅਨਭੋਲ ਜਿਹੇ ਤਾਂ
ਆਪਣਾ ਆਪ ਵਿਹਾ ਗਏ
ਮੌਸਮ ਸਿਰ ਆਏ ਦੋਸ਼ਾਂ ਨੂ
ਆਪਣੇ ਨਾਵੇਂ ਲਾ ਗਏ
ਜੀ ਕੇ ਆਪਣੇ ਹਿੱਸੇ ਦੇ ਪਲ
ਇਕ ਹੌਕੇ ਦੀ ਛਾਵੇਂ... ਮਨ

ਮਨ ਮੇਰੇ ਹੁਣ ਤਾਂ ਸਿੱਖ ਤੁਰਨਾ
ਰੋਜ਼ ਥਿੜਕਦਾ ਜਾਵੇਂ
ਸ਼ਾਮ ਪਈ ਨੂੰ ਮਿੱਧਦਾ ਜਾਵੇਂ
ਯਾਦਾਂ ਦੇ ਸਿਰਨਾਵੇਂ

# ਅੱਜ-ਕੱਲ੍ਹ ਜ਼ਿੰਦਗੀ ਬੁਣਦੀ ਸਾਨੂੰ

ਅੱਜ-ਕੱਲ੍ਹ ਜ਼ਿੰਦਗੀ ਬੁਣਦੀ ਸਾਨੂੰ
ਡਾਢੀ ਬੇ ਧਿਆਨੀ ਵਿਚ
ਟੁੱਟਾ ਕਿਤੇ ਖਿੱਲਰਿਆ ਧਾਗਾ
ਸਾਰੀ ਹੀ ਜਿੰਦਗਾਨੀ ਵਿਚ

ਕਦੇ ਕੋਈ ਤੰਦ ਏਵੇਂ ਪਾਇਆ
ਜਦੋਂ ਸਲਾਈ ਉੱਤੋਂ ਲਾਹਿਆ
ਆਪਣੇ ਨਾਲ ਉਲਝਿਆ ਐਸਾ
ਮੁੜ ਨਾ ਕਦੇ ਟਿਕਾਣੇ ਆਇਆ
ਰਿਹਾ ਉਲਝਦਾ ਵੇਲੇ ਪਾਈਆਂ
ਗੰਢਾਂ ਦੀ ਪਰੇਸ਼ਾਨੀ ਵਿਚ

ਕਦੇ ਇਵੇਂ ਕੋਈ ਬੁਣਤੀ ਪਾਈ
ਜਿਵੇਂ ਕਿਤੇ ਹਰਿਆਲੀ ਛਾਈ
ਉਸ ਸਰਸ਼ਾਰ ਵਰੇਸੇ ਜਾਗੇ
ਸੁਪਨੇ ਲੈ ਬੈਠੇ ਅੰਗੜਾਈ
ਪਰ ਜਦ ਪੈਰ ਧਰੇ ਧਰਤੀ ਤੇ
ਭਟਕੇ ਬੱਸ ਵੀਰਾਨੀ ਵਿਚ

ਉਲਝੇ ਤਾਣਿਆਂ ਦੀ ਇਸ ਰੁੱਤੇ
ਰਾਹਾਂ ਖੁਦ ਨੂੰ ਖਾਣਿਆਂ ਅੰਦਰ
ਗੁੰਮ ਜਾਂਦੇ ਹਾਂ ਮੁੜ ਮੁੜ ਆਪਣੇ
ਹੀ ਸਾਹਾਂ ਦੇ ਤਾਣਿਆਂ ਅੰਦਰ
ਕਦੇ ਤਾਂ ਬੁਣ ਸਾਨੂੰ ਵੀ ਜ਼ਿੰਦਗੀ
ਆਪਣੀ ਸੁਘੜ ਰਵਾਨੀ ਵਿਚ

ਬੀਜਾਂ ‘ਚੋਂ ਹਰਿਆਲੀ ਉੱਗੇ
ਹਰ ਕੋਈ ਆਪਣਾ ਮਾਲੀ ਹੋਵੇ
ਪੁੰਗਰਨ ਪੱਲਰਨ ਸੁਪਨੇ ਸਾਰੇ
ਹੱਥ ਨਾ ਕੋਈ ਸਵਾਲੀ ਹੋਵੇ
ਜ਼ਿੰਦਗੀ ਆਪਣੀ ਹੋਂਦ ਜਤਾਵੇ
ਸਮਿਆਂ ਦੀ ਮਨਮਾਨੀ ਵਿਚ

ਅੱਜ-ਕੱਲ੍ਹ ਜ਼ਿੰਦਗੀ ਬੁਣਦੀ ਸਾਨੂੰ
ਡਾਢੀ ਬੇ ਧਿਆਨੀ ਵਿਚ
ਟੁੱਟਾ ਕਿਤੇ ਖਿੱਲਰਿਆ ਧਾਗਾ
ਸਾਰੀ ਹੀ ਜਿੰਦਗਾਨੀ ਵਿਚ

# ਜੀਣ ਲਈ ਸੌਖਾ ਜਿਹਾ ਨੁਸਖ਼ਾ ਬਣਾ ਲਿਆ

ਜੀਣ ਲਈ ਸੌਖਾ ਜਿਹਾ ਨੁਸਖ਼ਾ ਬਣਾ ਲਿਆ
ਖ਼ੁਦ ਨੂੰ ਮਸਲਿਆ ਅਤੇ ਜ਼ਖ਼ਮਾਂ ਤੇ ਲਾ ਲਿਆ

ਨੇਤਾ ਦੇ ਵਾਦ੍ਹਿਆਂ ਤੇ ਸੀ ਵਿਸ਼ਵਾਸ ਬੀਜਿਆ
ਉਹ ਵਾਦ੍ਹਿਆਂ ਦੇ ਹੀ ਜਮ੍ਹਾਂ ਖਰਚਾਂ ਨੇ ਖਾ ਲਿਆ

ਸਫਰ ਜੋ ਛੋਹਿਆ ਸੀ ਜੋ ਸੁਪਨੇ ਦੀ ਤਲਾਸ਼ ਨੇ
ਓਹ ਦੋਗਲੇ ਮੌਸਮ ਦੀ ਬੇਰੁਖ਼ੀ ਨੇ ਖਾ ਲਿਆ

ਸਿਆਸਤਾਂ ਨੇ ਖੇਤ ਆਪਣੇ ਬੀਜੇ ਛਣਕਣੇ
ਉਹਨਾ ਦੇ ਉੱਤੇ  ਰੰਗ ਫਿਰ ਰੋਟੀ ਦਾ ਲਾ ਲਿਆ

ਅਓਧ ਸਾਰੀ ਜੋ ਜ਼ਖ਼ਮ ਅੰਦਰ ਸੰਭਾਲ਼ਿਆ
ਓਸੇ ਜਖ਼ਮ ਨੇ ਓਸ ਨੂੰ ਅੰਦਰ ਤੋਂ ਖਾ ਲਿਆ

ਜੀਣ ਲਈ ਸੌਖਾ ਜਿਹਾ ਨੁਸਖ਼ਾ ਬਣਾ ਲਿਆ
ਖ਼ੁਦ ਨੂੰ ਮਸਲਿਆ ਅਤੇ ਜ਼ਖ਼ਮਾਂ ਤੇ ਲਾ ਲਿਆ